
ੴ

ਮਾਸਕ ਪੱਤਰ

# ਸੂਰਾ

ਅੰਮ੍ਰਿਤਸਰ

APRIL 1980 ਅਪ੍ਰੈਲ ੧੯੮੦



ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰਬਰ ੧/੭੦-੬੮-੨੧ ਮਿਤੀ ੧੭-੧੦-੬੮ ਅ. ਪ. ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ ।

## ਤ ਤ ਕ ਰਾ


| | | |
|---|---|---|
| ਮੁੰਦਾਵਣੀ (ਵਿਆਖਿਆ) | ਭਾ: ਸਾ: ਭਾਈ ਰਣਧੀਰ ਸਿੰਘ ਜੀ | ੩ |
| ਤਉ ਕਿਉ ਮੁਰਗੀ ਮਾਰੈ ? (੩) | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ | ੮ |
| ਸੱਚੀ ਟਕਸਾਲ (ਕਵਿਤਾ) | ਮਾਸਟਰ ਮਾਘ ਸਿੰਘ ਜੀ | ੧੮ |
| ਜਬ ਲਗ ਖਾਲਸਾ ਰਹੇ ਨਿਆਰਾ | ਸ: ਗੁਰਚਰਨ ਸਿੰਘ ਜੀ ਟੌਹੜਾ | ੧੯ |
| ਨਿਰਭਉ ਖਾਲਸਾ | ਗਿ: ਗੋਪਾਲ ਸਿੰਘ ਜੀ ਮਿਤਰ | ੨੨ |
| ਅੰਮ੍ਰਿਤ ਛਕ ਕੇ ਜਨਮ ਸਫਲਾ ਕਰ (ਕਵਿਤਾ) | ,, ,, | ੨੩ |
| ਅਬਦਾਲੀ, ਸਿਖ ਤੇ ਵਡਾ ਘਲੂਘਾਰਾ (੨੦) | ਕੈਪਟਨ ਸਵਰਨ ਸਿੰਘ ਜੀ | ੨੪ |
| ਜੋਗੀ ਹਰਭਜਨ ਸਿੰਘ ਵਲ ਅੰਗਰੇਜ਼ੀ ਚਿਠੀ | ਜਥੇਦਾਰ ਅਖੰਡ ਕੀਰਤਨੀ ਜਥਾ | ੩੧ |
| ਜੋਗੀ ਹਰਭਜਨ ਸਿੰਘ ਦੇ ਹਥ-ਕੰਡਿਆਂ ਤੋਂ ਬਚੋ | ,, ,, | ੩੩ |
| ਅਜ ਹਾਲਤ ਕੀ ਹੋ ਗਈ, ਤਕ ਰੋਣਾ ਆਉਂਦਾ ਏ (ਕਵਿਤਾ) | ਭਾਈ ਤਾਰਾ ਸਿੰਘ ਜੀ ਨਿਹੰਗ | ੩੭ |
| ਸ੍ਰੀ ਬਾਬੂ ਜੀ ਜ਼ਖਮੀ ਹੋ ਗਏ | ਪ੍ਰੋਫੈਸਰ ਠਾਕਰ ਸਿੰਘ ਜੀ | ੩੯ |
| ਅੰਮ੍ਰਿਤ ਦੀ ਦਾਤ (ਕਵਿਤਾ) | ਸ: ਪਰਮਜੀਤ ਸਿੰਘ ਜੀ ਕੋਚਰ | ੪੧ |


ਸ੍ਰੀ ਗੁਰੂ ਤੇਗ ਬਹਾਦਰ ਜੀ ਅਵਤਾਰ ਧਾਰਿਆ ੭ ਅਪ੍ਰੈਲ — ਸ੍ਰੀ ਗੁਰੂ ਅਰਜਨ ਦੇਵ ਜੀ ਅਵਤਾਰ ਧਾਰਿਆ ੫ ਅਪ੍ਰੈਲ
ਸ੍ਰੀ ਗੁਰੂ ਅੰਗਦ ਦੇਵ ਜੀ ਅਵਤਾਰ ਧਾਰਿਆ ੧੫ ਅਪ੍ਰੈਲ — ਸ੍ਰੀ ਗੁਰੂ ਅਮਰਦਾਸ ਜੀ ਅਵਤਾਰ ਧਾਰਿਅ ੨੯ ਅਪ੍ਰੈਲ

ਵੈਸਾਖੀ (ਖਾਲਸਾ ਪ੍ਰਗਟਿਆ) ੧੩ ਅਪ੍ਰੈਲ

**ਬਲੱਡ ਪ੍ਰੈਸ਼ਰ ਕੰਟਰੋਲ ਚੈਨ**-- ਕਿਸੇ ਬੀਬੀ ਦੀ ਇਹ ਚੈਨ ਸ੍ਰੀ ਅਨੰਦਪੁਰ ਹੋਲੇ ਮਹੱਲੇ ਦੇ ਸਮਾਗਮ ਤੇ ਇਸ਼ਨਾਨ-ਘਰ ਵਿਚ ਰਹਿ ਗਈ ਹੈ । ਆਪਣੀ ਨਿਸ਼ਾਨੀ ਦਸ ਕੇ ਇਸ ਪਤੇ ਤੋਂ ਲੈ ਲਵੇ–

ਭਾਈ ਅਜੀਤ ਸਿੰਘ, 83-ਨਵੀਂ ਦਾਣਾ ਮੰਡੀ, ਜਲੰਧਰ

## 'ਸੂਰਾ' ਮਾਸਕ ਪੱਤਰ ਨੂੰ ਪੁੱਜੀ ਸਹਾਇਤਾ

| | | |
|---|---|---|
| ਭਾਈ ਸ਼ਿਵਦੇਵ ਸਿੰਘ ਜੀ ਸ਼ਿਮਲਾ | ਬੱਚੀ ਦੇ ਅਨੰਦ ਦੀ ਖੁਸ਼ੀ ਵਿਚ | 10-00 |
| ਗਿ: ਗੁਰਬਚਨ ਸਿੰਘ ਜੀ | ਬੱਚੀ ਦੇ ਆਨੰਦ ਕਾਰਜ ਸਮੇਂ | 17-57 |
| ਭਾਈ ਹਰਬਖਸ਼ ਸਿੰਘ ਜੀ ਸਰਾਏ ਯੂ. ਕੇ. | ਚੰਦਿਆਂ ਤੋਂ ਵਧਦੀ ਰਕਮ | 465-30 |
| ਗਿਆਨੀ ਇਕਬਾਲ ਸਿੰਘ ਜੀ | | 21-00 |

ਸੱਚੇ ਪਾਤਸ਼ਾਹ ਸਭ ਵੀਰਾਂ ਭੈਣਾਂ ਨੂੰ ਚੜ੍ਹਦੀਆਂ ਕਲਾ ਤੇ ਗੁਰਸਿਖੀ ਦਾ ਪਿਆਰ ਬਖਸ਼ਣ ।

ਹੇਮਕੁੰਡ ਪ੍ਰਿੰਟਿੰਗ ਪ੍ਰੈਸ,ਬਜ਼ਾਰ ਨੰ: ੬, ਕੋਟ ਬਾਬਾ ਦੀਪ ਸਿੰਘ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ ਅੰਮ੍ਰਿਤਸਰ ਤੋਂ ੧.੪.੮੦ ਨੂੰ ਪ੍ਰਕਾਸ਼ਤ ਕੀਤਾ ।

ਟੈਲੀਫੋਨ ਨੰਬਰ : 5 1 8 4 7

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

# ਸੂਰਾ

ੴ ਵਾਹਿਗੁਰੂ ਜੀ ਕੀ ਫ਼ਤਹ

ਮਾਸਕ ~ ਸ੍ਰੀ ਅੰਮ੍ਰਿਤਸਰ ~ ਪੱਤਰ

ਸਲਾਨਾ ਚੰਦਾ ੧੦-੦੦
ਇਕ ਪਰਚਾ ੧-੦੦

ਪਰਦੇਸ

ਸਮੁੰਦਰੀ ਡਾਕ ੧੮-੫੦

ਹਵਾਈ ਡਾਕ

ਅਰਬ, ਮਲਾਇਆ ੩੫-੦੦
ਯੂ. ਕੇ, ਅਫ਼ਰੀਕਾ ੫੦-੦੦
ਕੈਨੇਡਾ, ਅਮਰੀਕਾ ੫੫-੦੦



ਸੰਪਾਦਕੀ ਬੋਰਡ
ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰਿੰ: ਗੁਰਮੁਖ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ



## ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੪ ਅਪ੍ਰੈਲ ੧੯੮੦ ਅੰਕ ੪


## ਮੁੰਦਾਵਣੀ

[ਵਿਆਖਿਆ ਵਲੋਂ—ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਇਸ ਪਦ "ਮੁੰਦਾਵਣੀ" ਅਤੇ ਸੋਰਠ ਦੀ ਵਾਰ ਵਿਚ ਆਏ "ਮੁਦਾਵਣੀ" ਪਦ ਦੀ ਬਣਤਰ ਵਿਚ ਬਹੁਤ ਫ਼ਰਕ ਹੈ। ਲਗਾਂ ਮਾਤ੍ਰਾਂ ਦੇ ਜਾਣੂ ਅਤੇ ਖੋਜੀ ਪੁਰਸ਼ਾਂ ਨੂੰ ਤਾਂ ਇਹ ਫ਼ਰਕ ਸਾਫ਼ ਸਪੱਸ਼ਟ ਹੀ ਦਿਸ ਆਉਂਦਾ ਹੈ। 'ਮੁੰਦਾਵਣੀ' ਪਦ ਦੇ ਅੰਕੁੜ ਵਾਲੇ ਮਮੇ ਅਖਰ ਉਪਰ ਸਾਫ਼ ਟਿੱਪੀ ਲਗੀ ਹੋਈ ਹੈ (ਬਿੰਦੀ ਨਹੀਂ) ਅਤੇ 'ਮੁਦਾਵਣੀ' (ਦੂਜੇ) ਪਦ ਦੇ ਅੰਕੁੜ ਵਾਲੇ ਮਮੇ ਅਖਰ ਉਤੇ ਟਿੱਪੀ ਉੱਕੀ ਹੀ ਨਹੀਂ। ਇਹ 'ਮੁਦਾਵਣੀ" ਪਦ ਉਸ ਵਾਰ ਵਿਚ ਇਕ ਵਾਰ ਨਹੀਂ, ਦੋ ਵਾਰ ਆਇਆ ਹੈ। ਅਤੇ ਇਕੋ ਸਲੋਕ ਵਿਚ ਕੋਲੋਂ ਕੋਲੀ ਦੋ ਵਾਰ ਆਇਆ ਹੈ, ਪਰ ਆਇਆ ਹੈ ਟਿੱਪੀ ਰਹਿਤ ਹੀ, ਯਥਾ—

ਏਹ ਮੁਦਾਵਣੀ ਕਿਉ ਵਿਚਹੁ ਕਢੀਐ ਸਦਾ ਰਖੀਐ ਉਰਿ ਧਾਰਿ ॥
ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾ ਲਧੀ ਭਾਲਿ ॥

[ਸਲੋਕ ਮ: ੩, ਪਉੜੀ ਸੋਰਠਿ ਕੀ ਵਾਰ

ਇਸ ਪਦ ਦੀ ਸਪਸ਼ਟ ਬਣਤਰ ਨੂੰ (ਮਮੇ ਟਿੱਪੀ ਰਹਿਤ ਬਣਤਰ ਨੂੰ) ਸਾਫ਼ ਦੇਖ ਪੜ੍ਹ ਕੇ ਪਤਾ ਨਹੀਂ ਕੀ ਸਿਆਣੇ ਗਿਆਨੀ ਅਰਥੀਏ (ਬੜੇ ਬੜੇ ਪ੍ਰਸਿਧ ਭੂਸ਼ਨ, ਚੋਟੀ ਦੇ ਮੰਨੇ ਪਰਮੰਨੇ ਲਿਖਾਰੀ




www.AKJ.Org

ਭੂਸ਼ਨ) ਕਿਉਂ ਮਨੋ ਮਨੀ ਅਤੇ ਮੱਲੋ ਮੱਲੀ ਇਸ ਪਦ ਨੂੰ ਮਮੇ ਟਿੱਪੀ ਸਹਿਤ 'ਮੁੰਦਾਵਣੀ' ਪਦ ਨਾਲ ਗੱਡ ਮੱਡ ਕਰ ਕੇ ਇਕੋ-ਬਣਤਰਾ ਜਣਾਉਂਦੇ ਹਨ । ਜੇਹੜੇ ਗਿਆਨੀ-ਜਨ ਲਗ ਮਾਤ੍ਰੀ ਨਿਯਮਾਂ ਤੋਂ ਅਣਜਾਣ ਹਨ ਉਹ ਤਾਂ ਮਨ-ਭਾਉਂਦੇ ਵਹਿਣਾਂ ਵਿਚ ਪੈ ਜਾਣ ਤਾਂ ਕੋਈ ਹੈਰਾਨੀ ਵਾਲੀ ਗੱਲ ਨਹੀਂ, ਪਰ ਲਗਾਂ ਮਾਤਰਾਂ ਦੇ ਸ਼ਰਧਾਵਾਨ ਸ਼ਬਦਾਰਥੀਏ ਪ੍ਰੋਫੈਸਰ ਜਨ ਭੀ ਕੋਸ਼-ਵਿਦਵਾਨੀਆਂ ਦੇ ਪਿਛੇ ਲਗ ਕੇ ਉਸੇ ਵਹਿਣ ਵਿਚ ਵਹਿ ਤੁਰੇ ਹਨ ਅਤੇ 'ਮੁੰਦਾਵਣੀ' ਪਦ ਨੂੰ 'ਮੁਦਾਵਣੀ' ਪਦ ਦੇ ਨਾਲ ਹੀ ਖਲਤ ਮਲਤ ਕਰ ਦਿੰਦੇ ਹਨ। ਟਿੱਪੀ ਲਗੀ ਹੋਈ ਦੀ ਪ੍ਰਵਾਹ ਹੀ ਕੁਛ ਨਹੀਂ ਕਰਦੇ ।

ਟਰੈਕਟ ਸੋਸਾਇਟੀ ਦੇ ਕੋਸ਼ ਦੀ ਸਭ ਤੋਂ ਪਹਿਲੀ ਐਡੀਸ਼ਨ ਵਿਚ 'ਮੁੰਦਾਵਣੀ' ਦੇ ਅਰਥ ਨਿਖੜਵੇਂ ਮੋਹਰ-ਛਾਪ ਦੇ ਹੀ ਲਿਖੇ ਹੋਏ ਪਾਏ ਜਾਂਦੇ ਹਨ। ਉਸ ਪ੍ਰਿਥਮ ਐਡੀਸ਼ਨੀ ਕੋਸ਼ ਵਿਚ ਸਾਫ਼ ਤੌਰ ਤੇ ਮੁੰਦਣ ਤੋਂ ਮੁੰਦਾਵਣੀ ਬਾਣੀ ਦਸ ਕੇ ਇਹ ਸਪਸ਼ਟ ਲਿਖਿਆ ਗਿਆ ਹੈ ਕਿ ਗੁਰਬਾਣੀ ਦੇ ਸਮਾਪਤ ਹੋਣ ਦੀ ਇਥੇ ਮੋਹਰ ਲਗ ਗਈ । ਬਾਣੀ ਲਿਖਣੀ, ਬਸ ਮੁੰਦਾਵਣੀ ਤੇ ਮੁੰਦੀ ਗਈ । ਇਸ ਤੋਂ ਅਗੇ ਗੁਰਬਾਣੀ ਨਹੀਂ । ਪਰ ਹੁਣ ਦੇ ਨਵੀਨ ਕੋਸ਼ਾਂ ਵਿਚ ਰਾਗ ਮਾਲਾ ਨੂੰ ਗੁਰਬਾਣੀ ਸਿਧ ਕਰਨ ਦੇ ਪੱਖੀ ਹੋਣ ਕਰਿ (ਕਰ ਕੇ) ਇਸ 'ਮੁੰਦਾਵਣੀ' ਪਦ ਨੂੰ 'ਮੁਦਾਵਣੀ' ਪਦ ਦੀ ਤੁਲਤਾ ਹੀ ਦੇ ਦਿਤੀ ਹੈ ਅਤੇ ਮੋਹਰ ਛਾਪ ਦੇ ਥਾਉਂ ਅਰਥ ਬੁਝਾਰਤ ਦੇ ਕਰ ਦਿਤੇ ਹਨ ।

'ਮੁੰਦਾਵਣੀ' ਪਦ ਦੇ ਅਰਥ 'ਬੁਝਾਰਤ' (ਅੜਾਉਣੀ) ਕਰਨੇ ਨਿਰੇ ਮਨੋ ਮਨੀ ਦੇ ਅਰਥ ਹਨ। ਰਾਗਮਾਲਾ ਦਾ ਪ੍ਰਬਲ ਖ਼ਿਆਲ ਜਿਨ੍ਹਾਂ ਨੂੰ ਲਗਾ ਹੋਇਆ ਹੈ ਓਹੀ ਇਹ ਮਨ-ਘੜਤ ਅਰਥ ਕਰਦੇ ਹਨ।

'ਮੁਦਾਵਣੀ' ਪਦ ਦੀ ਮੁਢ ਕਾਢ (Clear creation) 'ਮੁਦ' ਪਦ ਤੋਂ ਹੈ, ਜਿਸ ਦਾ ਭਾਵ (ਮੁੱਦਤਾ) ਖੁਸ਼ੀ ਦਾ ਹੈ। ਬੁਝਾਰਤ ਦਾ ਭਾਵ ਕੈਸਾ ? ਨਿਰੀ ਖਿੱਚ ਹੈ ਖਿੱਚ-ਪਖੀਆਂ ਦੀ। ਖਿੱਚੂਆਂ ਨੇ ਇੰਨ ਬਿੰਨ ਇਸ 'ਮੁਦਾਵਣੀ' ਪਦ ਵਾਲੇ ਗੁਰਵਾਕ (ਸਲੋਕ) ਦੇ ਅਰਥ ਭੀ ਉਹੀ ਕੀਤੇ ਹਨ ਜੋ 'ਮੁੰਦਾਵਣੀ' ਵਾਲੇ ਮੋਹਰ-ਛਾਪੀ ਗੁਰਵਾਕ ਦੇ ਹਨ। ਦੇਖੋ ਦੋਹਾਂ ਗੁਰਵਾਕਾਂ ਦੀ ਮੂਲ ਰਚਨਾ ਵਿਚ ਹੀ ਕਿਤਨਾ ਫ਼ਰਕ ਹੈ । 'ਮੁਦਾਵਣੀ' ਵਾਲੇ ਗੁਰਵਾਕ (ਸਲੋਕ) ਦੀ ਰਚਨਾ ਇਉਂ ਹੈ—

> ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ ॥
> ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ ॥
> ਇਹੁ ਭੋਜਨੁ ਅਲਭੁ ਹੈ ਸੰਤਹੁ ਲਭੈ ਗੁਰ ਵੀਚਾਰਿ ॥
> ਏਹ ਮੁਦਾਵਣੀ ਕਿਉ ਵਿਚਹੁ ਕਢੀਐ ਸਦਾ ਰਖੀਐ ਉਰਿ ਧਾਰਿ ॥
> ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾ ਲਧੀ ਭਾਲਿ ॥
> ਨਾਨਕ ਜਿਸੁ ਬੁਝਾਏ ਸੁ ਬੁਝਸੀ ਹਰਿ ਪਾਇਆ ਗੁਰਮੁਖਿ ਘਾਲਿ ॥

=ਹਿਰਦੇ ਰੂਪੀ ਥਾਲ ਵਿਚ ਹਰਿ ਭੋਜਨੁ (ਭਜਨ) ਰੂਪੀ ਤਤਸਾਰ ਅੰਮ੍ਰਿਤ ਵਸਤੂ ਤੈਸੀ (ਤੇਹੋ ਜਿਹੀ) ਪਈ ਹੈ ਜਿਸ ਦੇ ਖਾਧਿਆਂ (ਭੁੰਚਿਆਂ) ਹੀ ਮਨੂਆ ਤ੍ਰਿਪਤੀਂਵਦਾ (ਤ੍ਰਿਪਤ ਹੁੰਦਾ) ਹੈ ਅਤੇ ਮੋਖ ਦੁਆਰ ਨੂੰ ਪ੍ਰਾਪਤ ਹੁੰਦਾ ਹੈ ।

ਹੇ ਸੰਤਹੁ, ਇਹ ਅੰਮ੍ਰਿਤ ਨਾਮ (ਭਜਨ ਰੂਪੀ) ਭੋਜਨ ਬੜਾ ਹੀ ਦੁਰਲੱਭ ਹੈ । ਗੁਰੂ ਬਖ਼ਸ਼ੀ ਦੀਖਿਆ ਦੀ ਅਭਿਆਸ ਕਮਾਈ ਦੁਆਰਾ ਹੀ ਲਭਦਾ ਹੈ, ਐਵੇਂ ਨਹੀਂ ਲਭਦਾ । ਇਹ ਸਦ ਸਦਾ ਸ਼ਾਦ ਕਰਨਹਾਰੀ ਅਹਿਲਾਦ-ਮਈ 'ਮੁਦ੍ਾਵਣੀ' (ਨਾਮ ਅੰਮ੍ਰਿਤ-ਭੋਜਨ) ਸਦਾ ਹਿਰਦੇ (ਉਰਿ) ਅੰਦਰ ਧਾਰੀ ਹੀ ਰਖੀਏ । ਸਦਾ ਇਸ ਦਾ ਭਜਨ ਕਰੀ ਹੀ ਜਾਈਏ । ਇਸ ਨੂੰ ਕਿਉਂ ਹਿਰਦੇ ਵਿਚੋਂ ਕਢੀਏ ? ਭਾਵ ਕਦੇ ਵੀ ਇਸ ਭਜਨ(ਭੋਜਨ)



www.AKJ.Org

ਮਈ ਅੰਮ੍ਰਿਤ ਮੁਦਾਵਣੀ ਨੂੰ ਹਿਰਦੇ ਵਿਚੋਂ ਨਾ ਕਢੀਏ। ਇਹ ਆਨੰਦ ਅਹਿਲਾਦ, ਮੁਦਤਾ ਮਈ ਮੁਦਾਵਣੀ ਸਚੇ ਸਾਹਿਬ ਸਤਿਗੁਰੂ ਨੇ ਆਪਣੇ ਪਰਮ ਪ੍ਰਸਾਦਿ ਕਰਿ ਗੁਰਸਿਖਾਂ ਤਾਈਂ ਲੁਭ ਈ ਪ੍ਰਾਪਤ ਕਰਾਈ ਹੈ। ਅਤੇ ਗੁਰੂ ਵਰੋਸਾਏ ਗੁਰਸਿਖਾਂ ਨੇ ਹੀ ਅਤੁਟ ਅਭਿਆਸ ਕਮਾਈਆਂ ਕਰ ਕਰ ਕੇ ਹਿਰਦੇ ਅੰਦਰੋਂ ਹੀ ਭਾਲ ਟੋਲ ਕੇ ਲਭ ਲਈ ਹੈ। (ਭਾਵ ਜਿਨ੍ਹਾਂ ਗੁਰਸਿਖਾਂ ਉਤੇ ਗੁਰੂ ਸਤਿਗੁਰੂ ਦੀ ਸੰਤੁਸ਼ਟਤਾ ਮਈ ਪਰਮ ਪ੍ਰਸਾਦੀ ਨਦਰ ਮੇਹਰ ਹੋਈ ਹੈ ਤਿਨ੍ਹਾਂ ਗੁਰਸਿਖਾਂ ਨੂੰ ਹੀ ਗੁਰ ਪ੍ਰਸਾਦਿ ਸਪੰਨ ਮੁਦਾਵਣੀ ਹਿਰਦੇ ਅੰਦਰੋਂ ਲਭਣੀ ਨਸੀਬ ਹੋਈ ਹੈ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਜਿਸ ਨੂੰ ਸਤਿਗੁਰੂ ਸਚਾ ਪਾਤਸ਼ਾਹ ਆਪਣੀ ਨਦਰ ਕਰਿ ਬੁਝਾਇ ਲਖਾਇ, ਸੋਈ ਇਸ ਅੰਮ੍ਰਿਤ ਨਾਮ ਮਈ ਮੁਦਾਵਣੀ ਨੂੰ ਬੁਝਦਾ ਲਖਦਾ ਹੈ। ਇਸ ਅੰਮ੍ਰਿਤ ਨਾਮ ਮਈ ਪਰਮ ਪ੍ਰਸਾਦੀ ਮੁਦਾਵਣੀ (ਗੁਰ ਦੀਖਿਆ) ਦੀ ਭਜਨ-ਕਮਾਈ ਦੀ ਅਤੁੱਟ ਘਾਲਣਾ ਗੁਰਸਿਖ ਜਨ ਕਰਦੇ ਹਨ। ਜਿਸ ਗੁਰਮੁਖ ਜਨ ਨੇ ਇਹ ਘਾਲਣਾ ਘਾਲੀ ਹੈ ਤਿਸੇ ਨੇ ਹੀ ਵਾਹਿਗੁਰੂ ਪ੍ਰਮਾਤਮਾ ਨੂੰ ਪ੍ਰਾਪਤ ਕੀਤਾ ਹੈ। ਅੰਦਰੋਂ ਹੀ ਜੋਤਿ ਪ੍ਰਕਾਸ਼ ਨੂੰ ਪ੍ਰਗਟਾਇ ਕੇ। 'ਥਾਲੈ'= ਹਿਰਦੇ ਰੂਪੀ ਖਾਸ ਥਾਲ ਵਿਖੇ। ਥਾਲੈ ਵਿਖੇ। ਥਾਲ' ਦੀ ਇਕ ਲਾਮ ਤਾਂ ਖਾਸ ਥਾਲ ਦੀ ਬੋਧਕ ਹੈ ਤੇ ਦੂਜੀ ਲਾਮ 'ਵਿਖੇ' ਦੇ ਅਰਥ ਅਰਥਾਉਂਦੀ ਹੈ। 'ਥਾਲੈ ਵਿਚਿ' (ਖਾਸ ਹਿਰਦੇ ਰੂਪੀ ਥਾਲ ਵਿਖੇ) 'ਤੈ' ਪਦ ਦੇ ਅਰਥ ਤਿੰਨ ਨਹੀਂ।

ਬਹੁਤ ਸਾਰੇ ਪਾਠੀ ਗਿਆਨੀ ਅਰਥਈਏ 'ਤੈ' ਪਦ ਨੂੰ 'ਤ੍ਰੈ' ਕਰ ਕੇ ਪਾਠਾਵੰਦੇ ਹਨ। ਤਿੰਨ ਗਿਣਤੀ ਦੇ ਅਰਥਾਂ ਵਿਚ ਅਰਥਾਵੰਦੇ ਹਨ। ਤਤੇ ਦੇ ਪੈਰ ਰਾਰਾ ਹੈ ਹੀ ਨਹੀਂ, ਐਵੇਂ ਹੀ ਉਠਾਉਂਦੇ ਹਨ ਅਤੇ ਗੁਰਬਾਣੀ ਅੰਦਰ ਕਿਤੇ ਭੀ 'ਤੈ' ਪਦ ਨੂੰ 'ਤ੍ਰੈ' ਦੇ ਭਾਵ ਵਿਚ ਨਹੀਂ ਲਿਆ ਗਿਆ। ਦੂਜੀ ਸ਼੍ਰੇਣੀ ਦੇ ਗਿਆਨੀ 'ਤੈਂ' ਬਿੰਦੇ ਨਾਲ ਪਾਠ ਪਠਾਇ ਕੇ ਗੁਰੂ ਅਕਾਲ ਪੁਰਖ ਦੇ ਸਨਮੁਖ ਸੰਬੋਧਨ ਕਰ ਕੇ ਅਰਥ ਬਣਾਉਂਦੇ ਹਨ ਕਿ ਹੇ ਗੁਰੂ ਅਕਾਲ ਪੁਰਖ, ਤੈਂ ਪਾਈ ਹੈ ਥਾਲੇ ਵਿਚ ਵਸਤੂ। ਪ੍ਰੰਤੂ 'ਪਇਓ' ਪਦ ਦਾ ਅਰਥ ਕਦੇ ਪਾਇਓ ਨਹੀਂ ਹੋ ਸਕਦਾ। ਵਸਤੂ ਪਈ ਹੈ (ਪਾਈ ਨਹੀਂ)। 'ਹਰਿ ਭੋਜਨੁ ਅੰਮ੍ਰਿਤੁ ਸਾਰੁ' ਰੂਪੀ ਵਸਤੂ ਇਕੋ ਹੀ ਹੈ, ਤਿੰਨ ਵਸਤੂਆਂ ਨਹੀਂ। ਇਉਂ ਭੀ 'ਤੈ' ਦੇ ਅਰਥ 'ਤ੍ਰੈ' ਭਾਵ ਤਿੰਨ ਦੇ ਨਹੀਂ ਹੋ ਸਕਦੇ। 'ਭੋਜਨੁ' ਤੇ 'ਅੰਮ੍ਰਿਤੁ' ਅਤੇ 'ਸਾਰੁ' ਪਦਾਂ ਨੂੰ ਔਂਕੁੜ ਲਗੇ ਮਈ (ਰੂਪੀ) ਦਾ ਅਰਥ ਦਿੰਦੇ ਹਨ। ਵਖ ਵਖ ਵਸਤੂਆਂ ਨਹੀਂ ਇਹ ਤਿੰਨੇ। ਹਰਿ ਨਾਮ ਹੀ ਸਾਰ ਵਸਤੂ ਹੈ ਅਤੇ ਭੋਜਨ ਮਈ ਅੰਮ੍ਰਿਤ ਵਸਤੂ ਹੈ। 'ਜਿਤੁ' ਪਦ 'ਤੈ ਵਸਤੂ' (ਤਿਤ ਵਸਤੂ) ਦੇ ਝਰੋਖੜੇ ਵਿਚ ਆਇਆ। ਜਿਸ ਵਸਤੂ ਦੇ ਖਾਧਿਆਂ ਮਨ ਤ੍ਰਿਪਤੀਂਦਾ ਹੈ। ਤਿਹ (ਸਾ) ਵਸਤੂ ਪਈ ਹੋਈ ਹੈ ਹਿਰਦੇ ਅੰਦਰ। ਇਹ ਵਸਤੂ ਸਾਰ ਵਸਤੂ ਹੈ। ਇਸ ਕਰਕੇ ਇਹੀ ਸਤਿ ਪਦਾਰਥੁ ਹੈ। ਇਸ ਵਸਤੂ ਦੇ ਖਾਧਿਆਂ ਮਨ ਤ੍ਰਿਪਤੀਵੰਦਾ ਹੈ। ਕੇਵਲ ਅੰਮ੍ਰਿਤ ਨਾਮ ਭੋਜਨ ਰੂਪੀ ਸਾਰ-ਵਸਤੂ ਦੇ ਭੁੰਚਣ ਕਰਿ ਮਨ ਨੂੰ ਸਚੀ ਤ੍ਰਿਪਤੀ ਆਉਂਦੀ ਹੈ। ਇਸ ਕਰ ਕੇ ਸੱਚਾ ਸੰਤੋਖ ਇਸ ਤੋਂ ਉਪਜਦਾ ਹੈ। ਇਸ ਅੰਮ੍ਰਿਤ ਨਾਮ ਰੂਪੀ ਵਸਤੂ ਦੀ ਘਾਲ ਕਮਾਈ ਕੀਤਿਆਂ ਹੀ ਕਰਤਾਰ ਵਾਹਿਗੁਰੂ ਦੀ ਪ੍ਰਾਪਤੀ ਹੁੰਦੀ ਹੈ। ਤਾਂਤੇ ਇਹੋ ਹੀ ਸਚੀ ਵਿਚਾਰ ਮਈ ਵਸਤੂ ਹੈ। ਵਾਹਿਗੁਰੂ ਦੀ ਪ੍ਰਾਪਤੀ ਤੋਂ ਵਧ ਕੇ ਅਤੇ ਅੰਮ੍ਰਿਤ ਨਾਮ ਰਸ ਦੇ ਸੁਆਦ ਤੋਂ ਚੜ੍ਹ ਕੇ ਹੋਰ ਕੋਈ ਆਨੰਦ ਅਹਿਲਾਦ ਮਈ ਮੁਦਤਾ (ਪ੍ਰਸੰਨਤਾ) ਨਹੀਂ। ਇਸ ਕਰਕੇ ਇਸ ਵਸਤੂ ਦਾ ਨਾਉਂ ਮੁਦਾਵਣੀ ਹੈ। ਮੁਦਤਾ ਆਵਣੀ, ਮੁਦਤਾ (ਪ੍ਰਸੰਨਤਾ) ਲਿਆਵਣੀ, ਜੋਤਿ ਰਸ ਪ੍ਰਗਟਾਵਣੀ, ਵਸਤੂ ਹੋਣ ਕਰਿ ਹੀ ਇਸ ਵਸਤੂ ਨੂੰ 'ਮੁਦਾਵਣੀ' ਕਹਿ ਕੇ ਸੁਭਾਖਿਆ ਗਿਆ ਹੈ। ਇਹ ਅੰਮ੍ਰਿਤ, ਪਰਮ ਰਹੱਸਨੀ ਅੰਮ੍ਰਿਤ ਸਾਰ ਭੋਜਨ ਬਿਚੱਖਣੀ ਵਸਤੂ ਸਦ ਸਦਾ ਲਈ ਹਿਰਦੇ ਅੰਦਰ ਧਾਰਨ ਕਰੀ ਰਖਣੀ,



www.AKJ.Org

ਵਸਾਈ ਰਖਣੀ, ਕਦੇ ਨਾ ਹਿਰਦੇ ਅੰਦਰੋਂ ਕਢਣੀ ਇਹ ਪਰਮ ਗੁਰੂ ਕਰਤਾਰੀ, ਨਿਰੰਕਾਰੀ ਹੁਕਮ ਹੈ। ਭਲਾ ਇਸ ਦਾ ਨਾਉਂ ਨਿਰੀ ਬੁਝਾਰਤ ਪਾਉਣੀ ਦਸਣਾ ਕਿਧਰਲੀ ਗੁਰਮਤਿ ਹੈ ? ਇਸ ਨੂੰ ਅੜਾਉਣੀ ਆਖਣਾ ਕੇਹੜੀ ਗੁਰੂ-ਵੀਚਾਰ (ਗੁਰਮਤਿ ਲਿਖਾਰ) ਹੈ ? ਤਾਂਤੇ 'ਮੁਦਾਵਣੀ' ਪਦ ਦੇ 'ਬੁਝਾਰਤ' ਜਾਂ 'ਅੜਾ-ਉਣੀ' ਦੇ ਅਰਥ ਕਰ ਕੇ ਅਰਥਈਆਂ ਨੇ ਮਹਿਜ਼ ਆਪਣੀ ਵਿਦਿਆ ਹੀ ਦਰਸਾਈ ਹੈ। ਵਿਦਿਆ ਭੀ ਫੋਕੀ ਖ਼ੁਸ਼ਕ ਵਿਦਿਆ (Dry Philosophy) ਅਤੇ 'ਮੁੰਦਾਵਣੀ' ਪਦ ਹੋਰ ਅਰਥਾਂ ਨਾਲ ਖਲਤ ਮਲਤ ਕੀਤਾ ਹੈ। 'ਮੁੰਦਾਵਣੀ' ਮਮੇ ਔਂਕੜ ਉਪਰਲੀ ਟਿੱਪੀ ਵਾਲਾ ਪਦ 'ਮੁਦਾਵਣੀ' ਟਿਪੀ ਰਹਿਤ ਮਮੇ ਵਾਲੀ ਮੁਦਾਵਣੀ ਤੋਂ ਨਿਰਾਲਾ ਪਦ ਹੈ। ਇਹ ਭੇਦ (ਤਫ਼ੱਰਕਾ) ਗੁਰਬਾਣੀ ਲਗਾਂ ਮਾਤਰਾਂ ਦੇ ਨਿਯਮਾਂ ਦੀ ਗੌਰਵਤਾ ਨੂੰ ਜਣਾਉਂਦਾ (ਪ੍ਰਗਟਾਉਂਦਾ) ਹੈ।

ਹੁਣ ਲਓ 'ਮੁੰਦਾਵਣੀ' ਵਾਲੇ ਛੇਕੜਲੇ ਗੁਰਵਾਕ ਨੂੰ, ਯਥਾ ਗੁਰਵਾਕ—

ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥
ਅੰਮ੍ਰਿਤ ਨਾਮੁ ਠਾਕੁਰ ਕਾ ਪਾਇਓ ਜਿਸ ਕਾ ਸਭਸੁ ਅਧਾਰੋ ॥
ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥
ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿਧਾਰੋ ॥
ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥

ਇਸ ਗੁਰਵਾਕ ਦੇ ਅੰਦਰਵਾਰ ਕਿਸੇ ਭੀ ਤਕ ਵਿਖੇ 'ਮੁੰਦਾਵਣੀ' ਜਾਂ 'ਮੁਦਾਵਣੀ' ਨਹੀਂ ਆਇਆ, ਕੇਵਲ ਇਸ ਗੁਰਵਾਕ ਦੇ ਹੈਡਿੰਗ ਤੇ 'ਮੁੰਦਾਵਣੀ ਮਹਲਾ ੫' ਸਿਰਲੇਖ ਲਿਖਿਆ ਹੈ ਜਿਸ ਦਾ ਸਾਫ਼ ਅਭਿਪਰਾ ਇਹ ਹੈ ਕਿ ਇਥੇ ਗੁਰਬਾਣੀ ਮੁੰਦੀ ਗਈ, ਸਮਾਪਤਿ ਹੋ ਗਈ, ਮੋਹਰ ਛਾਪ ਲਗ ਗਈ। ਏਦੂੰ ਅਗੇ ਗੁਰਬਾਣੀ ਨਹੀਂ ਚਲੇਗੀ। ਅੰਦਰਲਾ ਭਾਵ ਸਿਟਾ ਨਾ ਹੀ ਹੈਡਿੰਗ, ਬੁਝਾਰਤ ਦੇ ਅਰਥਾਂ ਦਾ ਬੁਝਾਇਕ ਲਖਾਇਕ ਹੈ। ਏਥੇ ਸਿਟਾ ਸਾਰੀ ਗੁਰਬਾਣੀ ਦਾ ਸਾਰ ਭਾਵ ਪ੍ਰਗਟਾਇਆ ਹੈ। ਗੁਰਬਾਣੀ ਦੇ ਗੁਣਤਾਸੀ ਤਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਥਾਲ ਵਿਖੇ, ਸਮੱਗਰ ਗੁਰਬਾਣੀ ਵਿਖੇ ਜੋ ਸਾਰ ਵਸਤੂ ਹੈ, ਉਸ ਨੂੰ ਸੰਖੇਪ ਕਰ ਕੇ ਸਮੁੰਦਰ ਨੂੰ ਕੁਜੇ ਵਿਚ ਲਿਆਉਣ ਵਤ ਦਰਸਾਇਆ ਗਿਆ ਹੈ। ਯਥਾ ਗੁਰਵਾਕ ਭਾਵ ਅਰਥ—

ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਗੁਰਬਾਣੀ ਦੇ ਸਮੂਹ ਤਾਸ ਥਾਲ ਅੰਦਰ ਇਕੋ ਅੰਮ੍ਰਿਤ ਨਾਮ ਹੀ ਅਕਰਖਣ ਕਲਾ ਲਖਾਇਕ ਤਿੰਨ ਵਸਤੂਆਂ ਪਈਆਂ ਹਨ : (੧) ਅੰਮ੍ਰਿਤ ਨਾਮ ਰੂਪੀ ਸਤੁ ਪਦਾਰਥ। (੨) ਅੰਮ੍ਰਿਤ ਨਾਮ ਤੋਂ ਉਪਜਿਆ ਸੰਤੁਸ਼ਟਤਾ ਮਈ ਸਚਾ ਸੰਤੋਖ, ਭਾਵ ਅੰਮ੍ਰਿਤ ਨਾਮ ਦੇ ਭੁੰਚਿਆਂ ਹੀ ਤ੍ਰਿਪਤਾਸੀਦਾ ਹੈ ਅਤੇ ਤ੍ਰਿਪਤਾਸ ਕੇ ਪਰਮ ਆਨੰਦ ਨੂੰ ਪ੍ਰਾਪਤ ਹੋਈਦਾ ਹੈ। (੩) ਅੰਮ੍ਰਿਤ ਨਾਮ ਦੀ ਅਤੁਟ ਘਾਲ ਕਮਾਈ ਹੀ ਸਚੀ ਵੀਚਾਰ ਹੈ ਜੋ ਸਮੱਗਰ ਗੁਰਬਾਣੀ ਵਿਚ ਦਰਸਾਈ ਗਈ ਹੈ। ਇਹ ਤਿੰਨ ਵਸਤੂਆਂ ਇਕੋ ਅੰਮ੍ਰਿਤ ਨਾਮ ਵਸਤੂ ਦਾ ਸੁਖ ਸਾਰ ਰੂਪੀ ਵਸਤੂ ਦਾ ਵਿਸਥਾਰ ਹਨ। ਦੂਜੀ ਤੁਕ 'ਅੰਮ੍ਰਿਤ ਨਾਮੁ ਠਾਕੁਰ ਕਾ ਪਇਓ' ਦਸਦੀ ਹੈ ਕਿ ਸਮੁਚੇ ਥਾਲ ਵਿਖੇ ਠਾਕੁਰ (ਵਾਹਿਗੁਰੂ) ਦਾ ਅੰਮ੍ਰਿਤ ਨਾਮ ਹੀ ਪਇਆ ਹੋਇਆ ਹੈ (ਭਰਪੂਰ ਲੀਣਾ ਹੈ)। ਹੋਰ ਦੂਜੀ ਵਸਤੂ ਕਾਈ ਹੈ ਹੀ ਨਹੀਂ। ਅੰਮ੍ਰਿਤ ਨਾਮ ਹੀ ਸਤੁ ਪਦਾਰਥ ਹੈ। ਅੰਮ੍ਰਿਤ ਨਾਮ ਹੀ ਪ੍ਰਮਾਤਮਾ-ਪ੍ਰਾਪਤੀ ਮਈ ਸਚੀ ਸੰਤੁਸ਼ਟਤਾ (ਸੰਤੋਖ) ਦਾ ਮੂਜਬ ਅਤੇ ਮੂਜਦ ਹੈ। ਅੰਮ੍ਰਿਤ ਨਾਮ ਦੀ ਘਾਲ ਕਮਾਈ ਰੂਪੀ ਸਚੀ ਵਿਚਾਰ ਸਮੱਗਰ ਗੁਰਬਾਣੀ ਵਿਖੇ ਦਰਸਾਈ ਗਈ ਹੈ। ਇਹ ਤਿੰਨ ਵਸਤੂਆਂ ਵਖ ਵਖ ਨਹੀਂ, ਇਕੋ ਅੰਮ੍ਰਿਤ ਨਾਮ ਦੀਆਂ ਸਫਲ ਫਲੀਆਂ, ਫੁਲੀਆਂ, ਫੁਲਾਈਆਂ ਸਾਖਤਾਂ ਹਨ। ਇਹ ਸੱਤ ਸੰਤੋਖ ਵੀਚਾਰ ਮਈ ਗਿਣਤੀ ਕੋਈ ਮਹਿਜ਼ ਇਖ਼ਲਾਕੀ ਕੋਡ (Moral Code) ਵਿਚ ਗਿਣੇ ਮਿਣੇ ਆਚਾਰਕ ਤ੍ਰੈਗੁਣੀ-ਗੁਣ ਨਹੀਂ। ਇਹ ਤੁਰੀਆ ਗੁਣੀ ਦਾਤਾਂ ਹਨ, ਜੋ ਅੰਮ੍ਰਿਤ ਨਾਮ ਇਕੋ



www.AKJ.Org

ਇਕ ਪ੍ਰਮਾਰਥੀ ਵਥ ਤੋਂ ਉਤਪੰਨ ਹੁੰਦੀਆਂ ਹਨ, ਹੋਰ ਕਿਧਰੋਂ ਭੀ ਨਹੀਂ। ਕਿਸੇ ਭੀ ਮਤ-ਮਤਾਂਤਰੀ ਆਨ ਮਤ ਦੇ ਅਧਿਐਨ ਕੀਤਿਆਂ ਪ੍ਰਾਪਤ ਨਹੀਂ ਹੁੰਦੀਆਂ। ਇਸ ਵਾਹਿਗੁਰੂ ਨਾਮ ਰੂਪੀ ਅੰਮ੍ਰਿਤ ਪਦਾਰਥ (ਵਸਤੂ) ਨੂੰ (ਗੁਰ ਪ੍ਰਸਾਦਿ ਕਰਿ) ਜੋਹੜਾ ਪੁਰਸ਼ ਭੀ ਖਾਂਦਾ ਹੈ, ਸਚਾ ਪ੍ਰਸ਼ਾਦ ਲਖ ਕੇ ਦਮ-ਬ-ਦਮ ਭੁੰਚਦਾ (ਛਕਦਾ) ਹੈ। ਛਕੀ ਜਾਂਦਾ ਹੈ। 'ਜੇ ਕੋ ਖਾਵੈ' = ਜੋ ਕੋਈ ਭੀ ਮੁਖ ਵਿਚ ਪਾਉਂਦਾ ਹੈ ਅਤੇ ਸਾਸਿ ਗਿਰਾਸਿ ਉਸ ਦਾ ਭੁੰਚਣ ਕਰਦਾ ਹੈ (ਇਸ ਪ੍ਰਸਾਦ ਰੂਪੀ ਪਦਾਰਥ ਨੂੰ ਛਕਦਾ ਹੈ ) ਤਿਸੇ ਦਾ ਹੀ ਉਧਾਰ ਹੁੰਦਾ ਹੈ। ਐਵੇਂ ਨਹੀਂ ਹੁੰਦਾ। ਮੂੰਹ ਵਿਚ ਪਾਇਆਂ ਅਤੇ ਮੁਖ ਵਿਚ ਪਾ ਕੇ ਇਸ ਦਾ ਗਟਾਕ ਰਸ ਭੁੰਚਿਆਂ ਹੀ ਉਧਾਰ (ਸਚਾ ਕਲਿਆਣਕ ਉਧਾਰ) ਹੁੰਦਾ ਹੈ। ਇਹ ਗਲ ਨਿਸਚੇ ਰਹੇ (ਜੈਸਾ ਕਿ ਸਮੱਗਰ ਗੁਰਬਾਣੀ ਅੰਦਰ ਦਰਸਾਇਆ ਗਇਆ ਹੈ) ਕਿ ਇਹ ਅੰਮ੍ਰਿਤ ਨਾਮ ਰੂਪੀ ਸਚਾ ਪਦਾਰਥ ਪ੍ਰਸਾਦ ਕੇਵਲ ਗੁਰ-ਦੀਖਿਆ ਦੁਆਰਾ ਹੀ ਪ੍ਰਾਪਤ ਹੁੰਦਾ ਹੈ। ਗੁਰ-ਦੀਖਿਆ ਦੇ ਪਾਰਸ ਰਸਾਇਣ ਪਾਤਸ ਕਰਿ ਹੀ ਅਧਿਕਾਰੀ ਗੁਰਮੁਖ-ਜਗਿਆਸੂ ਦੇ ਮੁਖ ਵਿਚ ਪੈਂਦਾ ਹੈ। ਉਹੀ ਜਨ ਗੁਰਮੁਖ ਸਦਾਉਂਦਾ ਹੈ ਜਿਸ ਦੇ ਮੁਖ ਅੰਦਰ ਇਹ ਗੁਰੂ ਦਾ ਦੀਖਿਅਤ ਪ੍ਰਸਾਦ ਗੁਰੂ ਦੀ ਨਦਰ ਮੇਹਰ ਦੁਆਰਾ ਪੈਂਦਾ ਹੈ ਅਤੇ ਤਤ ਅਰਥਾਂ ਵਿਚ ਉਹੀ ਗੁਰਮੁਖ (ਸਚਾ ਗੁਰੂ ਕਾ ਸਿਖ) ਹੈ ਜੋ ਗੁਰੂ ਦੁਆਰਾ (ਗੁਰੂ ਸਰੂਪ ਪੰਜਾਂ ਪਿਆਰਿਆਂ ਦੁਆਰਾ) ਗੁਰ ਦੀਖਿਆ ਲੈ ਕੇ, ਇਸ ਅੰਮ੍ਰਿਤ ਪਦਾਰਥ ਨੂੰ ਮੁਖ ਵਿਚ ਪਾ ਕੇ ਫੇਰ ਸਾਸਿ ਗਿਰਾਸਿ ਘਾਲ ਕਮਾਈਆਂ ਕਰਿ ਕਰਿ ਸਦਾ ਭੁੰਚਦਾ (ਚੁੰਘਦਾ) ਹੀ ਰਹਿੰਦਾ ਹੈ। "ਜੇ ਕੋ ਖਾਵੈ ਜੇ ਕੋ ਭੁੰਚੈ" ਪੰਗਤੀ ਦਾ ਇਹ ਵਿਆਖਿਆ-ਮਈ ਅਨੁਵਾਦ ਹੈ, ਜੋ ਉਪਰ ਦਿਤਾ ਗਿਆ ਹੈ।

ਅਗਲੀ ਤੁਕ "ਇਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿਧਾਰੋ ॥" = ਇਹ ਪਰਮ ਬਿਸਮਾਦ ਅਹਿਲਾਦ ਅਨੰਦ ਰਹਸ ਰਸਾਇਣੀ 'ਅੰਮ੍ਰਿਤ ਨਾਮ' ਰੂਪੀ ਵਸਤੂ ਇਕ ਵਾਰ ਮੂੰਹ ਲਗੀ ਹੋਈ ਅਤੇ ਗਟਾਕ ਰਸਾਂ ਆਤਮ ਰਸਾਂ ਵਿਚ ਭੁੰਚੀ ਹੋਈ ਫੇਰ ਕਦੇ ਤਜੀ ਨਹੀਂ ਜਾਂਦੀ। ਨਿਤਾਪ੍ਰਤਿ ਸਾਸਿ ਗਿਰਾਸਿ ਹਿਰਦੇ ਅੰਦਰ ਹੀ ਧਾਰੀ ਰਹਿੰਦੀ ਹੈ।

"ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥" ਇਸ ਬਿਧ ਇਹ ਤਿਮਰ ਅਗਿਆਨ ਦੇ ਅੰਧ ਕੂਪ ਸਾਰਖਾ ਭਵ-ਸਾਗਰੀ ਸੰਸਾਰ ਵਾਹਿਗੁਰੂ ਦੇ ਚਰਨੀਂ ਲਗਿਆਂ (ਵਾਹਿਗੁਰੂ ਨਾਮ ਵਿਚ ਜੁਟਿਆਂ) ਹੀ ਤਰ ਸਕੀਦਾ ਹੈ। ਇਉਂ ਅੰਮ੍ਰਿਤ ਨਾਮ ਦੀ ਅਤੁੱਟ ਕਮਾਈ ਕੀਤਿਆਂ ਸਾਰੇ ਗਗਨ ਪਾਤਾਲੀਂ ਖੰਡੀਂ ਬ੍ਰਹਿਮੰਡੀਂ ਇਕੋ ਅਕਾਲ ਪੁਰਖ (ਸੱਚੈ ਪਾਰਬ੍ਰਹਮ) ਦੀ ਜਾਗਤ-ਜੋਤਿ ਦਾ ਪਸਾਰਾ ਹੀ ਨਜ਼ਰ ਆਉਂਦਾ ਹੈ। ਵਾਹਿਗੁਰੂ ਨਾਮ ਰੂਪੀ ਅੰਮ੍ਰਿਤ ਨਾਮ ਵਿਚ ਜੁਟਣਾ ਵਾਹਿਗੁਰੂ ਦੇ ਚਰਨਾਂ ਨਾਲ ਜੁੜਨਾ ਹੀ ਹੈ (ਦੇਖੋ ਚਰਨ ਕੰਵਲ ਕੀ ਮਉਜ ਨਾਮੀ ਪੁਸਤਕ)। ਪਹਿਲੀ ਪੰਗਤੀ ਅੰਦਰ ਵਸਤੂ ਪਦ ਬਹੁ-ਵਚਨ ਨਾਮ ( Noun ) ਹੈ, ਵਸਤੂਆਂ ਦਾ ਅਰਥਾਇਕ ਹੈ ਅਤੇ ਚੌਥੀ ਪੰਗਤੀ ਵਿਚ "ਇਹ ਵਸਤੁ ਤਜੀ ਨਹ ਜਾਈ" 'ਵਸਤੁ' ਪਦ ਇਕ-ਵਚਨ ਨਾਂਵ ( Singular Noun ) ਹੈ। ਪਹਿਲੀ ਪੰਗਤੀ ਵਿਚ 'ਪਈਓਂ' ਪਦ ਦੇ ਖੁਲ੍ਹੇ ਮੂੰਹ ਵਾਲੇ ਊੜੇ ਅਖਰ ਨੂੰ ਬਿੰਦਾ ਭੀ ਲਗਾ ਹੋਇਆ ਹੈ, ਜੋ ਬਹੁ-ਵਚਨਕ ਕ੍ਰਿਆ ( Plural Verb ) ਦਾ ਜਣਾਇਕ ਹੈ = ਤਿੰਨ ਵਸਤੂਆਂ ਪਈਆਂ ਹੋਈਆਂ ਹਨ। ਦੂਜੀ ਪੰਗਤੀ ਵਿਚ ਆਏ 'ਪਇਓ' ਪਦ ਦੇ ਖੁਲ੍ਹੇ ਮੂੰਹ ਵਾਲੇ ਊੜੇ ਨੂੰ ਬਿੰਦੀ ਨਹੀਂ ਤਾਂ ਹੀ ਇਕ-ਵਚਨਕ ਕਿਰਿਆ ( Singular Verb ) ਜਣਾਉਂਦਾ ਹੈ। 'ਪਈਓ' ਅਤੇ 'ਪਇਓ' ਪਾਠ ਹੀ ਸੁਧ ਪਾਠ ਹਨ। ਪਾਈਓ ਅਤੇ ਪਾਇਓ ਸੁਧ ਪਾਠ ਨਹੀਂ, ਇਉਂ ਅਰਥਾਂ ਵਿਚ ਫਰਕ ਪੈ ਜਾਂਦਾ ਹੈ। ਵਸਤੂ ਪਾਈ ਹੋਈ ਹੋਰ ਹੈ ਅਤੇ ਸੁਤੇ ਪਈ ਹੋਈ ਹੋਰ ਹੈ। 'ਅੰਮ੍ਰਿਤ ਨਾਮੁ' ਪਾਇਆ ਹੋਇਆ ਨਹੀਂ ਪਇਆ ਹੋਇਆ ਹੈ, ਇਸ਼ ਕਰਕੇ ਸੁਧ ਪਾਠ 'ਪਇਓ' ਹੈ।

[ਪੁਸਤਕ 'ਗੁਰਬਾਣੀ ਦੀ ਲਗਾਂ ਮਾਤਰਾਂ ਦੀ ਵਿਲੱਖਣਤਾ' ਵਿਚੋਂ]



www.AKJ.Org

# ਤਉ ਕਿਉ ਮੁਰਗੀ ਮਾਰੈ ? (੩)

[ਵਲੋਂ—ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

(ਲੜੀ ਜੋੜਨ ਲਈ ਵੇਖੋ ਸੂਰਾ ਮਾਰਚ ੧੯੮੦)

## ਦਲੀਲ ਨੰਬਰ ੩-(ਵਿਚਾਰ)

ਮਾਸ ਖਾਣ ਦੇ ਪੱਖੀ ਹੇਠ ਲਿਖੇ ਇਤਿਹਾਸਕ ਹਵਾਲੇ ਆਪਣੇ ਪੱਖ ਦੀ ਸਿਧੀ ਲਈ ਪੇਸ਼ ਕੀਤਾ ਕਰਦੇ ਹਨ :—

(ੳ) ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਲੰਗਰ ਵਿਚ ਮਾਸ ਵਰਤਿਆਂ ਜਾਂਦਾ ਰਿਹਾ ਹੈ।

(ਅ) ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੁਰੂਕਸ਼ੇਤਰ ਵਿਖੇ ਸੂਰਜ ਗ੍ਰਹਿਣ ਦੇ ਸਮੇਂ ਇਕ ਰਾਜ ਕੁਮਾਰ ਵਲੋਂ ਮਾਰ ਕੇ ਲਿਆਂਦੇ ਹਿਰਨ ਦਾ ਮਾਸ ਪਕਵਾਇਆ ਤੇ ਉਥੇ ਇਕੱਤਰ ਹੋਏ ਵੈਸ਼ਨਵੀ ਬ੍ਰਾਹਮਣਾਂ ਤੇ ਪਾਂਡਿਆਂ ਨਾਲ ਮਾਸ ਦੇ ਸੰਬੰਧ ਵਿਚ ਚਰਚਾ ਕੀਤੀ; ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।

(ੲ) ਗੁਰੂ ਮਹਾਰਾਜ ਸ਼ਿਕਾਰ ਖੇਡਦੇ ਰਹੇ। ਜੇ ਸਿਖ ਧਰਮ ਵਿਚ ਮਾਸ ਖਾਣ ਦੀ ਮਨਾਹੀ ਸੀ ਤਾਂ ਸ਼ਿਕਾਰ ਖੇਡਣ ਦੇ ਕੀ ਅਰਥ ?

ਸਿਖ ਇਤਿਹਾਸ ਵਿਚ ਕੁਝ ਵਿਰੋਧੀਆਂ ਵਲੋਂ ਅਤੇ ਕੁਝ ਅਨਜਾਣ ਲਿਖਾਰੀਆਂ ਵਲੋਂ ਬਹੁਤ ਭੁਲੇਖੇ ਪਾਏ ਮਿਲਦੇ ਹਨ। ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਆਪਣੀ ਪੁਸਤਕ ਗੁਰਮਤਿ ਮਾਰਤੰਡ ਦੀ ਭੂਮਿਕਾ ਵਿਚ ਕੁਝ ਅਜਿਹੇ ਭੁਲੇਖਿਆਂ ਦੀਆਂ ਉਦਾਹਰਣਾਂ ਦਿਤੀਆਂ ਹਨ ਜਿਨ੍ਹਾਂ ਨੂੰ ਹੂ-ਬ-ਹੂ ਥਲੇ ਦਿਤਾ ਜਾਂਦਾ ਹੈ :—

> "ਸਾਡੇ ਮੱਤ ਦੇ ਕਵੀਆਂ ਨੇ ਅਨਯਮਤੀ ਗ੍ਰੰਥ-ਕਾਰਾਂ ਦੀ ਨਕਲ ਕਰਦੇ ਹੋਏ ਇਹ ਭਾਰੀ ਭੁੱਲ ਕੀਤੀ ਹੈ ਕਿ ਸਮਾਜ, ਨੀਤੀ ਤੇ ਧਰਮ ਆਦਿਕ ਦੇ ਵਿਸ਼ਯ ਇਕੱਠੇ ਕਰ ਕੇ ਸਭ ਨੂੰ ਮਜ਼ਹਬੀ ਰੰਗਤ ਦੇ ਦਿਤੀ ਹੈ। ਬਿਨਾ ਛਾਣ-ਬੀਣ ਕੀਤੇ ਅਨੇਕ ਪ੍ਰਸੰਗ ਐਸੇ ਲਿਖੇ ਹਨ, ਜੋ ਮੂਲੋਂ ਨਿਰਮੂਲ ਅਥਵਾ ਗੁਰਮਤਿ ਤੋਂ ਦੂਰ ਲੈ ਜਾਣ ਵਾਲੇ ਹਨ।... ... ਇਹ ਸੁਭਾਵਿਕ ਗੱਲ ਹੈ ਕਿ ਜਦ ਅਸੀਂ ਆਪਣੇ ਮਤ ਦੇ ਪੁਸਤਕਾਂ ਵਿਚ ਵਿਰੋਧ ਦੇਖਦੇ ਹਾਂ ਤਾਂ ਮਨ ਭ੍ਰਮ-ਚੱਕ੍ਰ ਵਿਚ ਪੈ ਜਾਂਦਾ ਹੈ ਅਤੇ ਸਾਨੂੰ ਇਹ ਨਿਰਣਾ ਕਰਨਾ ਔਖਾ ਹੋਂਦਾ ਹੈ ਕਿ ਗੁਰਮਤਿ ਦਾ ਸੱਚਾ ਉਪਦੇਸ਼ਕ ਕਿਹੜਾ ਪੁਸਤਕ ਹੈ, ਪਰ ਜਦੋਂ ਅਸੀਂ ਵਿਚਾਰ-ਸ਼ਕਤੀ ਤੋਂ ਕੰਮ ਲੈਂਦੇ ਹਾਂ ਅਤੇ... ... ਸਤਿਗੁਰਾਂ ਦੀ ਸ੍ਰੀ ਮੁਖਵਾਕ ਬਾਣੀ ਦੀ ਕਸੌਟੀ ਨਾਲ ਸਭ ਸਿਖ ਮੱਤ ਦੇ ਪੁਸਤਕਾਂ ਦੀ ਪ੍ਰੀਖਿਆ ਕਰ ਕੇ ਗੁਰਬਾਣੀ ਦੇ ਨਿਯਮਾਂ ਤੋਂ ਵਿਰੁੱਧ ਵਚਨਾਂ ਦਾ ਤਯਾਗ ਅਤੇ ਅਨਕੂਲ ਵਚਨਾਂ ਦਾ ਗ੍ਰਹਿਣ ਕਰਦੇ ਹਾਂ ਤਾਂ ਸਾਰੀਆਂ ਕਠਨਾਈਆਂ ਛਿਨ ਵਿਚ ਮਿਟ ਜਾਂਦੀਆਂ ਹਨ ਅਤੇ ਅਸੀਂ ਗੁਰਮਤਿ ਦਾ ਸਿੱਧਾ ਰਸਤਾ ਲਭ ਲੈਂਦੇ ਹਾਂ। (ਗੁਰਮਤਿ ਮਾਰਤੰਡ, ਪੰਨਾ ੳ, ਅ)

ਅਜਿਹੀਆਂ ਵਿਰੋਧੀ ਲਿਖਤਾਂ ਦੀਆਂ ਉਦਾਹਰਣਾਂ ਹੇਠਾਂ ਦਿਤੀਆਂ ਜਾਂਦੀਆਂ ਹਨ :—

(ੳ) ਛੇਵੀਂ ਪਾਤਸ਼ਾਹੀ ਦੇ ਗੁਰ ਵਿਲਾਸ ਦੇ ਦੂਜੇ ਅਧਿਆਇ ਵਿਚ ਲਿਖਿਆ ਹੈ ਕਿ ਜਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸੀਤਲਾ (ਚੇਚਕ) ਨਿਕਲੀ ਤਦ ਦੁਰਗਾ ਪੂਜਨ ਇਸ ਤਰ੍ਹਾਂ ਕੀਤਾ ਗਿਆ—

ਬ੍ਰਾਹਮਣ ਕੇ ਪਰਸਾਦ ਤੇ ਦੁਰਗਾ ਭਈ ਪ੍ਰਸੰਨ ॥
ਸੁਪਤ ਦਿਵਸ ਬੀਤਤ ਭਏ ਠੰਢੀ ਕਹਿ ਸੁਖ ਮੰਨ ॥ (੭੪)



www.AKJ.Org

ਪੂਜਾ ਨਲੇਰ ਸੋਂ ਦਰਬ ਅਪਾਰਾ ॥ ਭੇਟ ਖਰੀ ਦੇਵੀ ਦਰਬਾਰਾ ॥
ਦੇਵੀ ਕੀ ਪਰਿਕ੍ਰਮਾ ਕੀਨੀ ॥ ਦੇਹੁਰੇ ਕੀ ਅਤਿਸੈ ਛਬਿ ਚੀਨੀ ॥ (੭੯)

ਭਾਈ ਸੰਤੋਖ ਸਿੰਘ ਜੀ ਇਸੇ ਪ੍ਰਸੰਗ ਦੀ ਪੁਸ਼ਟੀ ਗੁਰੁ ਪ੍ਰਤਾਪ ਸੂਰਯ ਦੀ ਰਾਸਿ ੩ ਦੇ ਅ: ੧੨ ਵਿਚ ਕਰਦੇ ਹਨ।

ਪਰ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਪੂਜਯ ਪਿਤਾ ਗੁਰੂ ਅਰਜਨ ਦੇਵ ਜੀ ਸੀਤਲਾ ਦੇ ਸੰਬੰਧ ਵਿਚ ਕੁਝ ਹੋਰ ਲਿਖਦੇ ਹਨ--

ਸਦਾ ਸਦਾ ਹਰਿ ਜਾਪੇ ॥ ਪ੍ਰਭ ਬਾਲਕ ਰਾਖੇ ਆਪੇ ॥
ਸੀਤਲਾ ਠਾਕਿ ਰਹਾਈ ॥ ਬਿਘਨ ਗਏ ਹਰਿ ਨਾਈ ॥੧॥

[ਸੋਰਠਿ ਮ: ੫, ਪੰਨਾ ੬੨੭
[ਗੁਰਮਤਿ ਮਾਰਤੰਡ, ਪੰਨਾ ਕ, ਖ, ਗ

(ਅ) ਸ੍ਰੀ ਨਾਨਕ ਪ੍ਰਕਾਸ਼ ਵਿਚ ਲੇਖ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਮਰੇ ਹੋਏ ਪਿੱਤਰਾਂ ਦਾ ਸ੍ਰਾਧ ਕੀਤਾ, ਤਾਂ ਇਹ ਵਾਕ ਮੰਨਣ ਜੋਗ ਨਹੀਂ, ਕਿਉਂਕਿ ਸ੍ਰੀ ਮੁਖ ਸ਼ਬਦ ਪਾਖੰਡ ਰੂਪ ਸ੍ਰਾਧ ਕਰਮ ਨੂੰ ਖੰਡਨ ਕਰਦੇ ਹਨ। ਯਥਾ—

ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ ॥
ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ ॥੪॥੨॥

ਆਸਾ ਮ: ੧, ਪੰਨਾ ੩੫੮
[ਗੁਰਮਤਿ ਮਾਰਤੰਡ, ਪੰਨਾ ਘ

(ੲ) ਭਾਈ ਸੁਖਾ ਸਿੰਘ ਨੇ ਗੁਰ ਵਿਲਾਸ ਦੇ ਦਸਵੇਂ ਅਧਿਆਏ ਵਿਚ ਦੱਤਾ ਨੰਦ ਉਜੈਨ ਨਿਵਾਸੀ ਬ੍ਰਾਹਮਣ ਰਾਹੀਂ ਦੁਰਗਾ ਦਾ ਪੂਜਨ ਦਸਮੇਸ਼ ਤੋਂ ਕਰਵਾਇਆ ਲਿਖਿਆ ਹੈ—

ਯੋਂ ਸੁਨਿ ਗਦ ਗਦ ਭਯੋ ਕ੍ਰਿਪਾਲਾ ॥ ਸ੍ਰੀ ਮੁਖ ਸੋਂ ਕਹਿ ਬਚਨ ਬਿਸਾਲਾ ॥
ਮੈਯਾ ! ਇਹੈ ਕ੍ਰਿਪਾ ਅਬ ਕੀਜੈ ॥ ਖੜਗ ਪਾਣਿ ਦਾਹਨ ਮੁਹਿ ਦੀਜੈ ॥੨੬੭॥... ...
ਏਵ ਮਸਤੁ ਕਹਿ ਮਾਤ ਭਵਾਨੀ ॥ ਵਰ ਦੈ ਭਈ ਲੋਪ ਜਗ ਰਾਨੀ ॥ (੨੭੧)

ਮਹਿਮਾ ਪ੍ਰਕਾਸ਼ ਦੀ ਪੱਚੀਸਵੀਂ ਸਾਖੀ ਵਿਚ ਵੀ ਇਉਂ ਹੀ ਲੇਖ ਹੈ—

ਕਰਾ ਹੋਮ ਸਤਿਗੁਰੁ ਪੁਰਖ ਮਾਤਾ ਭਈ ਪ੍ਰਸੰਨ ॥
ਭਾ ਪ੍ਰਕਾਸ਼ ਮਾਤਾ ਪ੍ਰਗਟ ਧੰਨ ਮਾਤ ਜਗ ਧੰਨ ॥ (੩੨)

ਗੁਰੁ ਪ੍ਰਤਾਪ ਸੂਰਯ ਦੀ ਰੁੱਤ ੩, ਅ: ੪ ਵਿਚ ਵੀ ਏਸੇ ਤਰ੍ਹਾਂ ਲਿਖਿਆ ਹੈ।

ਗੁਰ ਪਦ ਪ੍ਰੇਮ ਪ੍ਰਕਾਸ਼ ਵਿਚ ਬਾਵਾ ਸੁਮੇਰ ਸਿੰਘ ਲਿਖਦਾ ਹੈ—

ਮਹਾਂ ਬੀਰ ਸ੍ਰੀ ਹਨੂੰਮਾਨ ਜੀ ਪ੍ਰਗਟ ਕੱਛ ਤਬ ਦੀਨੀ ॥
ਲੀਜੈ ਮਹਾਰਾਜ ਮਮ ਭੇਟਾ ਮਰਯਾਦਾ ਅਤਿ ਚੀਨੀ ॥

[ਗੁਰਮਤਿ ਮਾਰਤੰਡ ਪੰਨਾ ਚ, ਛ, ਜ, ਝ

(ਸ) ਛੇਵੀਂ ਪਾਤਿਸ਼ਾਹੀ ਦੇ ਗੁਰੁ ਵਿਲਾਸ ਦੇ ਅਧਿਆਇ ੧੮ ਵਿਚ ਗੁਰੂ ਹਰਿਗੋਬਿੰਦ ਜੀ ਦਾ ਭੰਗ ਪੀਣਾ ਲਿਖਿਆ ਹੈ—

ਜਬੈ ਜਾਮ ਦਿਨ ਆਨਿ ਰਹਾਯੋ ॥ ਸ੍ਰੀ ਗੁਰੂ ਵਿਜਿਆ ਪਾਨ ਕਰਾਯੋ ॥

(ਹ) ਭਾਈ ਸੁੱਖਾ ਸਿੰਘ ੧੦ਵੇਂ ਗੁਰੁ ਵਿਲਾਸ ਦੇ ਦਸਵੇਂ ਤੇ ਸੋਲ੍ਹਵੇਂ ਅਧਿਆਇ ਵਿਚ ਲਿਖਦਾ


www.AKJ.Org

ਹੈ ਕਿ ਗੁਰੂ ਗੋਬਿੰਦ ਸਿੰਘ ਜੀ ਅਮਲ ਛਕਿਆ ਛਕਾਇਆ ਕਰਦੇ ਸੀ—

ਬਿਜਿਆ ਧਰਛਤ ਅਮਲ ਮੰਗਾਵੈਂ ॥ [ਧਰਛਤ=ਅਫ਼ੀਮ]
ਆਪ ਛਕੈਂ ਪੁਨਿ ਅਪਰ ਦਿਆਵੈਂ ॥ (੧੩੬)

———

ਮਦਿਰਾ ਬਿਜਿਯਾ ਖਾਂਡ ਮਿਲਾਈ ॥ (ਮਦਿਰਾ= ਸ਼ਰਾਬ)
ਚਰਨਾਮ੍ਰਿਤ ਮਿਲ ਗਾਗਰ ਪਾਈ ॥
ਲੈ ਨਿਜ ਭੇਟ ਕਾਲਿਕਾ ਦੀਨੇ ॥ ਜੈ ਭਵਾਨੀ ਕੀ ਉਚਰ ਪ੍ਰਬੀਨੈ ॥ (੧੩੭)

(ਕ) ਗੁਰੁ ਪ੍ਰਤਾਪ ਸੂਰਯ ਦੀ ਰੁਤ ੩ ਅਧਿਆਇ ੪ ਵਿਚ ਲਿਖਿਆ ਹੈ—

ਅਧਿ ਕੈ ਸੁਗੰਧ ਮਹਕਾਰ ਸੰਗ ॥ ਬਹੁ ਰਗੜ ਬਦਾਮਨ ਸਹਿਤ ਭੰਗ ॥
ਏਲਾ ਲਵੰਗ ਮਿਰਚਾਨ ਕਾਰਿ ॥ ਮੇਲਯੋ ਗੁਲਾਬ ਯੁਤ ਸਰਦ ਵਾਰਿ ॥ (੭)...
ਯੁਤ ਛਤ੍ਰਧਾਰ ਸਤਿਗੁਰੁ ਛਕਾਇ ॥ (੮) (ਛਤ੍ਰਧਾਰ=ਅਫ਼ੀਮ)

(ਖ) ਫਿਰ ਰੁਤ ੩ ਅਧਿਆਇ ੨੧ ਵਿਚ ਭਾਈ ਸੰਤੋਖ ਸਿੰਘ ਲਿਖਦਾ ਹੈ ਕਿ ਦਸਮੇਸ਼ ਨੇ ਆਖਿਆ—

ਤਾਂ ਤੇ ਸ੍ਰੀ ਮੁਖਵਾਕ ਉਚਾਰਾ ॥ ਹੁਇ ਸੁਖੇ ਕੀ ਦੇਗ ਉਦਾਰਾ ॥
ਸਿੰਘ ਹੋਇ ਜਬ ਆਯੁਧ ਧਾਰੀ ॥ ਮਾਦਕ ਚਹੀਏ ਅਨਦ ਮਝਾਰੀ ॥ (੩੯)
ਸਭ ਮਾਦਿਕ ਤੇ ਬਿਜਿਆ ਆਛੀ ॥ ਕਯੋਂਕਿ ਮਹੇਸ਼ ਆਦਿ ਇਹ ਬਾਂਛੀ ॥ (੪)

(ਗ) "ਵਿਮਲ ਬਿਬੇਕ ਵਾਰਧਿ" ਵਿਚ ਭਗਵਾਨ ਸਿੰਘ ਰਹਤਨਾਮੀਆ, ਚੈਨਪੁਰ ਭਭੂਆ ਤੋਂ ਖਤ੍ਰੀ ਸਿੰਘਾਂ ਦੇ ਘਰੋਂ ਪ੍ਰਾਪਤ ਹੋਏ ਰਹਤਨਾਮੇ ਦੇ ਵਾਕ ਲਿਖਦਾ ਹੈ--

ਅਚੋਆ ਸੁੱਖਾ ਛੱਤਰਧਾਰ ॥ ਰਨ ਮੇਂ ਜੂਝੈ ਅਪਰ ਅਪਾਰ ॥

ਫੇਰ ਭਾਈ ਮਨੀ ਸਿੰਘ ਜੀ ਦਾ ਹਵਾਲਾ ਦੇ ਕੇ ਲਿਖਿਆ ਹੈ--

"ਗੁਰੂ ਜੀ ਸਭ ਸੰਗਤ ਕੋ ਅੰਮ੍ਰਿਤ ਛਕਾ ਕਰ ਸ਼ਸਤ੍ਰ ਪਕੜਾ ਕਰ ਸਿੰਘ ਸਜਾ ਕਰ ਵਿਦਾ ਕਰਾ, ਤਾਂ ਸਿੱਖਾਂ ਨੂੰ ਕਹਿਆ ਜੋ ਤੁਸੀਂ ਕੁਛ ਅਮਲ ਛਕਿਆ ਕਰੋ, ਤਾਂ ਸਿਖ ਅਮਲ ਖਾਨੇ ਲੱਗੇ, ਤਾਂ ਕਿਤਨਿਆਂ ਦੀ ਬ੍ਰਿਤੀਆਂ ਠਹਿਰ ਗਈਆਂ।

[ਨੋਟ :--ਵ੍ਰਿਤਿ ਠਹਿਰਾਉਣ ਦਾ ਕੇਹਾ ਸੁੰਦਰ ਉਪਾਉ ਦੱਸਿਆ ਹੈ ! ਸਿੱਖਾਂ ਦੀ ਵ੍ਰਿਤੀ, ਸੇਵਾ, ਗੁਰਬਾਣੀ ਦਾ ਅਭਿਆਸ, ਪਰੋਪਕਾਰ, ਸ਼ਸਤ੍ਰ ਅਤੇ ਸ਼ਾਸਤ੍ਰ ਦੇ ਅਭਿਆਸ ਨਾਲ ਠਹਿਰਦੀ ਹੈ, ਨਾ ਕਿ ਨਸ਼ੇ ਵਿਚ ਗੜੂੰਦ ਹੋ ਕੇ ਉੱਲੂ ਬਣਨ ਨਾਲ।]

[ਗੁਰਮਤਿ ਮਾਰਤੰਡ ਕ੍ਰਿਤ ਭਾ: ਕਾਨ੍ਹ ਸਿੰਘ ਨਾਭਾ ਪੰਨਾ ਞ, ਟ, ਠ

ਉਪਰਲੀਆਂ ਉਦਾਹਰਣਾਂ ਟੂਕ ਮਾਤਰ ਹਨ। ਜ਼ਿਆਦਾ ਉਦਾਹਰਣਾਂ ਦੇਣ ਨਾਲ ਆਪਣਾ ਹੀ ਢਿਡ ਨੰਗਾ ਹੁੰਦਾ ਹੈ। ਇਤਿਹਾਸ ਵਿਚ ਇਹ ਰਲਾ ਵਿਰੋਧੀਆਂ ਅਥਵਾ ਗੁਰੂ-ਦੋਖੀਆਂ ਵਲੋਂ ਗਿਣ ਮਿਥ ਕੇ ਪਾਇਆ ਗਿਆ। ਪਿਛਲੇ ਕੁਝ ਇਤਹਾਸਕਾਰਾਂ ਵਲੋਂ ਇਹੋ ਜਿਹੇ ਰਲਿਆਂ ਨੂੰ ਬਿਬੇਕ ਬੁਧੀ ਨਾਲ ਪਰਖਣ ਤੇ ਨਿਤਾਰਨ ਦੀ ਬਜਾਏ ਮਖੀ ਤੇ ਮਖੀ ਮਾਰੀ ਹੋਈ ਹੈ। ਸੰਭਵ ਹੈ ਇਨ੍ਹਾਂ ਵਿਚੋਂ ਕੁਝ ਇਤਿਹਾਸ-ਕਾਰ ਨਸ਼ੇ ਸੇਵਨ ਆਦਿ ਦੀ ਭੈੜੀ ਵਾਦੀ ਵਿਚ ਨਿਜੀ ਤੌਰ ਤੇ ਆਪ ਗ੍ਰਸਤ ਹੋਣ। ਕੁਝ ਵੀ ਹੋਵੇ, ਉਪਰੋਕਤ ਕਿਸਮ ਦੀਆਂ ਲਿਖਤਾਂ ਗੁਰਮਤਿ ਸਿਧਾਂਤਾਂ ਤੋਂ ਵਿਰੁਧ ਹਨ ਤੇ ਸਿਖ ਇਤਿਹਾਸ ਨੂੰ ਹਾਸੋ-ਹੀਣਾ ਤੇ ਭਰੋਸੇ-ਹੀਣਾ ਬਣਾਉਂਦੀਆਂ ਹਨ।

ਇਸ ਲਈ ਸਿਖ ਇਤਿਹਾਸ ਨੂੰ ਘੋਖ ਕੇ ਗੁਰਮਤਿ ਦੀ ਰੌਸ਼ਨੀ ਵ੍ਰਿਚ ਪਰਖਣ ਪੜਤਾਲਣ ਦੀ



www.AKJ.Org

ਲੋੜ ਹੈ। ਪੰਥ-ਦਰਦੀ ਚਿਰ ਤੋਂ ਇਸ ਲੋੜ ਨੂੰ ਮਹਿਸੂਸ ਕਰ ਰਹੇ ਹਨ ਅਤੇ ਉਨ੍ਹਾਂ ਵਲੋਂ ਇਸ ਮੰਗ ਉਤੇ ਪ੍ਰੈਸ ਤੇ ਪਲੇਟਫਾਰਮ ਰਾਹੀਂ ਦੋਵੇਂ ਬਾਹਵਾਂ ਉਚੀਆਂ ਕਰ ਕੇ, ਹਾਲ ਪਾਰ੍ਹਿਆ ਪਾ ਕੇ ਕਈ ਵਾਰੀ ਜ਼ੋਰ ਦਿਤਾ ਜਾ ਚੁਕਾ ਹੈ। ਜਿਥੇ ਜਿਥੇ ਕੋਈ ਇਤਿਹਾਸਕ ਘਟਨਾ ਜਾਂ ਇਤਿਹਾਸਕ ਲਿਖਤ, ਗੁਰਬਾਣੀ ਵਿਚ ਨਿਰੂਪਣ ਕੀਤੇ ਸਿਧਾਂਤ ਨਾਲ ਟਕਰਾਅ ਖਾਂਦੀ ਹੈ,ਉਸ ਨੂੰ ਚੰਗੀ ਤਰ੍ਹਾਂ ਘੋਖ ਤੇ ਪੁਣ ਛਾਣ ਕੇ ਵਿਚਾਰੇ ਜਾਣ ਅਤੇ ਗੁਰਬਾਣੀ ਦੀ ਰੋਸ਼ਨੀ ਵਿਚ ਸਪੱਸ਼ਟਾਏ ਜਾਣ ਜਾਂ ਸੋਧੇ ਜਾਣ ਦੀ ਲੋੜ ਹੈ।

ਸੋ ਉਪਰੋਕਤ ਇਤਿਹਾਸਕ ਗਪੌੜਿਆਂ ਦੇ ਪੇਸ਼-ਨਜ਼ਰ ਮਾਸ ਖਾਣ ਦੇ ਪੱਖੀ ਇਤਿਹਾਸਕ ਹਵਾਲਿਆਂ ਨੂੰ ਕਿਵੇਂ ਪ੍ਰਮਾਣੀਕ ਮੰਨਿਆ ਜਾ ਸਕਦਾ ਹੈ, ਜਦ ਕਿ ਇਕ ਤਾਂ ਉਹ ਗੁਰਬਾਣੀ ਵਿਚ ਨਿਰੂਪਣ ਕੀਤੇ ਗਏ "ਜੀਅ-ਦਇਆ" ਦੇ ਸਿਧਾਂਤ ਨਾਲ ਟਕਰਾਂਦੇ ਹਨ ਅਤੇ ਦੂਜੇ ਪਾਸੇ ਇਨ੍ਹਾਂ ਹੀ ਇਤਿਹਾਸਕ ਗ੍ਰੰਥਾਂ ਵਿਚ ਕੁਝ ਇਤਿਹਾਸਕ ਹਵਾਲਿਆਂ ਦਾ ਵੀ ਵਿਰੋਧ ਕਰਦੇ ਹਨ, ਜਿਨ੍ਹਾਂ ਰਾਹੀਂ ਮਾਸ ਖਾਣ ਤੋਂ ਵਰਜ ਕੇ ਜੀਅ-ਦਇਆ ਦੀ ਪ੍ਰੇਰਨਾ ਦਿਤੀ ਗਈ ਹੈ। ਉਨ੍ਹਾਂ ਵਿਚੋਂ ਕੁਝ ਕੁ ਟੂਕ ਮਾਤਰ ਥਲੇ ਦਿਤੇ ਜਾਂਦੇ ਹਨ :—

**ਦੇਵਲੂਤ ਨਾਮੀ ਰਾਖਸ਼ ਨੂੰ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼—**

ਪ੍ਰਿਥਮ ਤਜਹੁ ਆਮਿਖ (ਮਾਸ) ਕੋ ਖਾਨਾ ॥ ਕਰਹੁ ਜਾਸ ਹਿਤ ਜੀਵਨ ਹਾਨਾ ॥੭॥...
ਕੇਤਿਕ ਦਿਨ ਤਹਿ ਰਹੇ ਗੁਸਾਈਂ ॥ ਗੁਰ ਸਿਖੀ ਕੀ ਰੀਤਿ ਚਲਾਈ ॥
ਸਭਿ ਰਾਖਸ਼ ਕੋ ਨਾਮ ਜਪਾਯੋ ॥ ਆਮਿਖ ਖਾਨ ਤਿਨਹਿ ਤਜਵਾਯੋ ॥ (੧੮)...
ਸੁਧਰ ਸੈਨ ਜੋ ਭੂਮ ਮਹਾਨਾ ॥ ਦੇਵਲੂਤ ਮਨਹੁ ਤਿਹ ਆਨਾ ॥
ਹਿੰਸਾ ਨਹੀ ਜੀਵ ਕੀ ਕੀਜੈ ॥ ਸਤਿਗੁਰ ਜਾਪ ਜਪਹੁ ਦੁਖ ਛੀਜੈ ॥ (੨੦)

[ਸ੍ਰੀ ਗੁਰੂ ਨਾਨਕ ਪ੍ਰਕਾਸ਼ ਪੂਰਬਾਰਧ, ਅਧਿਆਇ ੪੪

**ਮਕੇ ਦੀ ਗੋਸਟਿ—**

ਗਊ ਭੈਸ ਅਤੇ ਮੁਰਗਾਈਆਂ, ਹੋਇ ਹੈਵਾਨ ਗਰੀਬ ॥
ਤਹ ਪਰ ਛੁਰੀ ਹਰਾਮ ਹੈ, ਖਾਵਨ ਤਿਨਾਂ ਪਲੀਤ ॥
ਜੋ ਬਿਚਾਰੇ ਜਾਨਵਰ, ਤਿਨ ਕਰਨ ਹਲਾਲ ॥
ਬਿਨਾ ਰਜਾਇ ਖੁਦਾਇ ਦੀ, ਤਿਹ ਪਰ ਛੁਰੀ ਜ਼ਵਾਲ ॥
ਮੁਈ ਸ਼ੈ ਮੁਰਦਾਰ ਹੈ, ਸਹਿਕੇ ਜਾਨ ਕੁਵਾਇ ॥
ਖਾਣੀ ਇਹ ਹਰਾਮ ਹੈ, ਤਿਹ ਪਰ ਛੁਰੀ ਰਵਾਇ ॥
ਖਾਣਾ ਮਾਸ ਗੁਨਾਹ ਹੈ, ਜ਼ੋਰੀ ਜੀਅ ਹਲਾਲ ॥
ਜ਼ੋਰੀ ਕੁਠਾ ਹਰਾਮ ਹੈ, ਤਿਸ ਤੇ ਹੋਇ ਜ਼ਵਾਲ ॥

[ਜਨਮ ਸਾਖੀ ਭਾਈ ਬਾਲਾ

**ਸ਼ੀਹੇਂ ਉਪਲ ਨੂੰ ਉਪਦੇਸ਼—**

ਸ਼ੀਹੇਂ ਉਪਲ ਨੂੰ ਇਕ ਸੌ ਬਕਰੇ ਲਈ ਜਾਂਦਿਆਂ ਦੇਖ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਸ ਦਾ ਕਾਰਨ ਪੁਛਿਆ ਤਾਂ ਉਸ ਨੇ ਦਸਿਆ ਕਿ ਮੇਰੇ ਪੁਤਰ ਦਾ ਮੁੰਡਨ ਹੈ ਤੇ ਇਸ ਖੁਸ਼ੀ ਦੇ ਸਮੇਂ ਲੋਕ-ਰੀਤ ਅਨੁਸਾਰ ਆਏ ਪ੍ਰਾਹੁਣਿਆਂ ਨੂੰ ਮਾਸ ਭੋਜਨ ਖਵਾ ਕੇ ਪ੍ਰਸੰਨ ਕਰਨਾ ਹੈ। ਸ੍ਰੀ ਗੁਰੂ ਜੀ ਨੇ ਫੁਰਮਾਇਆ—

ਇਤਨੇ ਜੀਵਨ ਹਿੰਸਾ ਕਰੈਂ। ਪਾਪ ਬਿਸਾਲ ਆਪਨ ਸਿਰ ਧਰੈਂ ॥੭॥
ਅਬ ਤੋਂ ਸੁਗਮ ਜਾਨੀਅਹਿ ਕਹਿਬੋ ॥ ਅੰਤ ਮਹਾਂ ਦੁਖ ਨਰਕਨ ਪਰਬੋ ॥
ਦੇਹਿ ਸਾਸਨਾ ਜਮ ਕੇ ਦੂਤ ॥ ਤਹਾਂ ਨ ਪਹੁੰਚੇ ਬੰਧਪ ਪੂਤ ॥੮॥



www.AKJ.Org

ਜਿਨ ਹੇਤ ਆਪ ਕਰਮ ਕਮਾਇ ॥ ਤਹਾਂ ਨ ਰੰਚਕ ਹੋਇ ਸਹਾਇ ॥
ਸੁਖ ਭੋਗੇਂਗੇ ਸਗਰੇ ਲੋਕ ॥ ਅਪਦਾ ਪਰਹਿ ਤੋਹਿ ਬਡ ਸੋਕ ॥੯॥
ਧਰਮ ਰਾਇ ਜਬ ਕਰਿ ਹੈ ਲੇਖਾ ॥ ਲਹੈ* ਮਹਾਂ ਦੁਖ ਰਹੈ ਨ ਸੇਖਾ ॥...
**ਸ੍ਰੀ ਗੁਰੂ ਕਹਾ ਕਰੋ ਉਪਚਾਰ ॥ ਜਿਸ ਤੇ ਹੋਇ ਨ ਜੀਵ ਸੰਘਾਰ ॥**


[ਗੁਰ ਪ੍ਰਤਾਪ ਸੂਰਜ ਗ੍ਰੰਥ ਰਾਸ ੧, ਅੰਸ ੨੯

## ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਹੁਕਮਨਾਮੇ—

ਹੁਕਮਨਾਮਾ ਨੰਬਰ ੬, ਪੰਨਾ ੧੨—

ਕਰਤਾਰ ਕਰਤਾਰ ਵਾਚਣੀ । ਗੁਰੂ ਤੁਸਾਡੀ ਲਜ ਰ-
ਖੈਗਾ ਗੁਰੂ ਗੁਰੂ ਜਪਣਾ ਜਨਮ ਸਵਰੂ ਸੰਗ-
ਤ ਦੀ ਕਾਮਨਾ ਗੁਰੂ ਪੂਰੀ ਕਰੇਂਗੇ ਸੰਗਤੀ ਦਾ ਰੁ-
ਜਗਾਰੁ ਹੋਗਾ ਇਕ ਦਾਸੀ ਰਹਿਣਾ* ਮਾਸ ਮੱਛੀ ਦੇ ਨੇੜੇ
ਨਹੀਂ ਆਵਣਾ ਸੰਗਤ ਦੀ ਚੀਰੀ ਪਹੁਤੀ ਹਕੀਕਤਿ ਸਭ
ਮਲੂਮ ਹੋਈ ਸੰਗਤ ਦੀ ਮਨਸਾ ਪੂਰੀ ਹੋਗ ਗੁਰੂ
ਦੀ ਆਗਿਆ ਹੋਈ ਸੰਗਤਿ ਸਰਬਤਿ ਇਕਮ† ਜੁ-
ਤਿ ਹਹੇ ਤਿਵੇ ਰਹਣਾ ਜਾਪੇ ਗੁਰੁਦਾਸ ਨਾਲ ਲਗ ਰਹ-
ਣਾ ਕਾਰਵਾਰ ਇਨਾ ਨੋ ਦੇਂਦਿਆਂ ਰਹਣਾ ਸੰਗਤਿ ਉਪ-
ਰਿ ਗੁਰੂ ਦੀ ਖਰੀ ਖੁਸੀ ਹਇ ਸੰਗਤੀ ਦਾ ਰੁਜਗਾਰੁ ਹੋ-
ਗਾ ਸੰਗਤਿ ਆਪ ਵਿਚਿ ਇਕਤੁ‡ ਕਰਣਾ ਸੰਗ-
ਤੀ ਦੀ ਖਰੀ ਖੁਸੀ ਗੁਰੂ ਦੀਨਾ ਦੇ ਹੋਂਦੇ ਹਇ ਸਭ ਮੇਰੇ
ਪੁਤ ਹੈਨਿ ਸਭਨਾ ਇਕਤੇ ਜੀਐ ਹੋਣਾ
ਅਗੇ ਕਾਰਵਾਰ ਲੇਦੀ ਹਥ ਲਿਖ ਭੇਜਾ ਹਇ ਓਹ
ਸਭਾ ਕਾਰ ਕਰਿ ਭੇਜਣੀ । ਇਲਾਇਚੇ ਮਲ (ਮਣ) ਦਹ... ...

ਹੁਕਮਨਾਮਾ ਨੰ: ੯, ਪੰਨਾ ੧੫



ਭਾਈ ਜਾਪੂ ਭਾਈ ਗੁਰਦਾਸੁ ਭਾਈ ਮੁਰਾਰਿ ਭਾਈ ਜਾਤੀ ਭਾਈ ਦਿਆਲਾ
ਗੁਰੂ ਗੁਰੂ ਜਪਣਾ ਜਨਮ ਸਵਰੂ ਸੰਗਤ ਦੀ ਕਾਮਨਾ ਪੂਰੀ ਹੋਗੁ

* ਅਰਥਾਤ—ਇਕ ਦੂਜੇ ਦੇ ਦਾਸ ਬਣ ਕੇ ਨਿਮ੍ਰਤਾ ਨਾਲ ਰਹਿਣਾ । † ਏਕਤਾ, ਇਤਫ਼ਾਕ । ‡ ਸੋਥਾ, ਮਿਲਾਪ ।



www.AKJ.Org

ਸੰਗਤੀ ਦਾ ਰੁਜ਼ਗਾਰ ਹੋਗ ਸੰਗਤੀ ਕੀ ਕਾਰ ਜੁ ਲੇਹਾਗਾ ਗੁਰੂ ਦੀ ਆ-
ਗਿਆ ਹਇ ਕੀਰਤਨ ਕਰਣਾ ਇਕ ਦਾਸੁ ਭਲੀ ਜੁਗਤਿ ਰਹਣਾ ਮਾਸ
ਮਛੀ ਦੇ ਨੇੜੇ ਨਾਹੀ ਆਵਣਾ ਪੂਰਬ ਦੀ ਸੰਗਤਿ ਗੁਰੂ ਦਾ ਖਾਲਸਾ
ਹਇ ਉਪਰੰਤਿ ਗੁਰੂ ਦੀ ਆਗਿਆ ਹਇ ਭਾਈ ਜਾਪੂ ਭਾਈ ਗੁਰਦਾਸ ਤੁਸਾਂ ਸ-
ਭਨਾ ਰਲ ਕੇ ਸਾਰੇ ਪੂਰਬ ਦੀ ਕਾਰ ਕਰਣੀ ਜਿਸ ਦਾ ਰੁਪਯਾ ਗੁਰੂ ਦੀ ਕਾਰ ਵਿ-
ਚ ਪੋਗ ਤਿਸ ਦਾ ਗੁਰੂ ਦੀ ਦਰਗਾਹ ਥਾਇ ਪਵਗ ਤਿਸ ਨੂੰ ਕਦੇ ਕਿਛ ਥੁੜ੍ਹ
ਨ ਹੈਸ ਓਏ ਹਵਾਲ ਸਵ ਕੀ ਹਇ ਰੁਪਯੇ ਸਇ ਸਤਿ ਦੀ ਹੁੰਡੀ ਕਰ ਭੇਜਣਾ
ਪੰਦਰਹ ਜੋੜੇ ਮੈਨੂੰ ਸਵਾਇ ਭੇਜਣਾ ਪੰਦਰਹ ਬਾਬਾ' ਜੀਉ ਨੂੰ ਸਵਾਇ ਭੇਜਣਾ।

---

ਗੁਰੂ ਗੁਰੂ ਜ-
ਪਣਾ ਜਨਮ ਸ-
ਵਰੂ

ੴ ਸਤਿਗੁਰ॥

ਇਥੇ ਤੁਸਾਂ ਬਹੁਤ ਮਾਣ ਕਰਣਾ
ਢਿਲ ਨਹੀਂ ਕਰਣੀ ਆਖਨ ਸੁ
ਕਰਣਾ ਸੇਵਾ ਕਰਣੀ

ੴ ਸਤਿਗੁਰ॥

---

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਭਾ: ਸਾ: ਭਾ: ਦਇਆ ਸਿੰਘ ਜੀ ਪ੍ਰਤੀ ਉਪਦੇਸ਼, ਜਿਸ ਦਾ ਹਵਾਲਾ 'ਸੁਧਰਮ ਮਾਰਗ ਗ੍ਰੰਥ' ਵਿਚ ਆਇਆ ਹੈ--

ਪੰਜ ਕਰਮ ਨ ਕਰੈ ਸੋ ਜੀਵਨ-ਮੁਕਤ ਹੈ :--
(੧) ਧਨ ਪਰਾਇਆ ਨ ਹਰੈ। (੨) ਪਰ ਇਸਤ੍ਰੀ ਨ ਸੇਵੈ।
(੩) ਨਿੰਦਾ ਨ ਕਰੈ। (੪) ਜੂਆ ਨ ਖੇਲੈ। (੫) ਮਧ ਮਾਸ ਖਾਯ ਨਾਹੀ।

ਅਜਿਹਾ ਉਲੇਖ ਪੁਰਾਤਨ ਹਥ-ਲਿਖਤ ਬੀੜਾਂ ਵਿਚ ਵੀ ਮਿਲਦਾ ਹੈ।

ਮਾਸ ਖਾਣ ਦੇ ਸਿਲਸਿਲੇ ਵਿਚ ਜਿਹੜੀ ਕਿਰਿਆ ਗੁਰਮਤਿ ਵਿਰੋਧੀ ਹੈ, ਉਹ ਹੈ ਜੀਵਾਂ ਉਪਰ ਜ਼ੁਲਮ ਕਰਨਾ। ਲਬ ਲੋਭ ਦੇ ਅਧੀਨ ਕਿਸੇ ਵੀ ਜੀਵ ਤੇ ਜ਼ੋਰ ਜ਼ੁਲਮ ਕਰਨਾ ਹਿੰਸਕ ਰੁਚੀ ਦਾ ਪ੍ਰਤੀਕ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਗੁਰਬਾਣੀ ਜਗਿਆਸੂ ਨੂੰ ਹਿੰਸਾ ਤੋਂ ਵਰਜਦੀ ਹੈ ਅਤੇ ਜੀਵ-ਦਇਆ ਦਾ ਉਪਦੇਸ਼ ਕਰਦੀ ਹੈ। ਇਸ ਸੰਬੰਧ ਵਿਚ ਗੁਰਬਾਣੀ ਦੇ ਅਨੇਕ ਪ੍ਰਮਾਣ ਪਿਛਲੇ ਕਾਂਡ ਵਿਚ ਦਿਤੇ ਜਾ ਚੁਕੇ ਹਨ।

ਇਤਿਹਾਸ ਵਿਚ ਕਿਸੇ ਲਿਖਾਰੀ ਨੇ ਲਿਖ ਮਾਰਿਆ ਹੈ ਕਿ ਗੁਰੂ ਅੰਗਦ ਸਾਹਿਬ ਜੀ ਦੇ ਲੰਗਰ ਵਿਚ ਮੱਛੀ, ਮਾਸ ਦੀ ਵਰਤੋਂ ਕੀਤੀ ਜਾਂਦੀ ਸੀ। ਇਸ ਤੋਂ ਪਹਿਲਾਂ ਪੰਨਾ ੧੧ ਉਤੇ ਇਤਿਹਾਸਕ ਹਵਾਲਾ ਦਰਜ ਕੀਤਾ ਗਿਆ ਹੈ, ਜਿਸ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਵਲੋਂ ਸ਼ੀਹੇਂ ਉਪਲ ਨੂੰ ਜੀਵ-ਹਤਿਆ ਕਰਨ ਤੋਂ ਵਰਜਿਆ ਗਿਆ ਹੈ ਅਤੇ ਦ੍ਰਿੜ੍ਹਾਇਆ ਗਿਆ ਕਿ ਜੀਵ-ਸੰਘਾਰ ਪਾਪ-ਕਰਮ ਹੈ, ਜਿਸ ਦਾ ਲੇਖਾ ਅਗੇ ਭੁਗਤਣਾ ਪਵੇਗਾ।

ਬੜੀ ਹੈਰਾਨੀ ਦੀ ਗੱਲ ਹੈ ਕਿ ਕਿਸੇ ਮਨਚਲੇ ਲਿਖਾਰੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਹੀ ਲੰਗਰ ਵਿਚ ਮਾਸ ਵਰਤਾਏ ਜਾਣਾ ਲਿਖ ਮਾਰਿਆ ਹੈ। ਭਾਈ ਸਤਾ ਅਤੇ ਭਾਈ ਬਲਵੰਡ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਢਾਢੀ ਸਨ। ਉਨ੍ਹਾਂ ਨੇ ਆਪਣੀ ਵਾਰ ਵਿਚ, ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਰਾਮਕਲੀ ਵਿਚ ਅੰਕਤ ਹੈ, ਸ੍ਰੀ ਗੁਰੂ ਅੰਗਦ ਦੇਵ ਜੀ ਦੇ ਲੰਗਰ ਵਿਚ ਵਰਤਾਏ ਜਾਣ ਵਾਲੇ ਮਹੱਤਵ ਪੂਰਣ ਪਦਾਰਥਾਂ ਦਾ ਦੋ ਵਾਰੀ ਵਰਨਣ ਕੀਤਾ ਹੈ :--



www.AKJ.Org

ੳ) ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥ (੯੬੭)

ਅ) ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ ॥ (੯੬੮)

ਗੁਰੂ ਘਰ ਦੇ ਸਮਕਾਲੀ ਅਤੇ ਦਰਬਾਰੀ ਢਾਢੀਆਂ ਦੀ ਉਚਾਰੀ ਬਾਣੀ ਦੀ ਗਵਾਹੀ ਦੇ ਅਧਾਰ ਤੇ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਇਤਿਹਾਸਕ ਲਿਖਤ ਵਿਚ ਕਿਸੇ ਗੁਰੂ-ਦੋਖੀ ਜਾਂ ਵਿਰੋਧੀ ਨੇ, ਜਾਂ ਫਿਰ ਕਿਸੇ ਮਾਸ-ਅਹਾਰੀ ਲਿਖਾਰੀ ਨੇ ਗਪੌੜ ਮਾਰ ਕੇ ਸਿਖ-ਸਿਧਾਂਤ ਵਿਚ ਰਲਾ ਪਾਣ ਦੀ ਗਿਣੀ-ਮਿਥੀ ਸਾਜ਼ਸ਼ ਕੀਤੀ ਹੈ। ਇਤਿਹਾਸਕ ਗ੍ਰੰਥਾਂ ਵਿਚ ਕਿਧਰੇ ਮਾਸ ਖਾਣ ਦੇ ਹੱਕ ਵਿਚ ਅਤੇ ਕਿਧਰੇ ਇਸ ਦੇ ਵਿਰੋਧ ਵਿਚ ਲਿਖਤਾਂ ਸ੍ਵੈ-ਵਿਰੋਧੀ ਹਨ, ਜੋ ਸਿਖ ਧਰਮ ਨੂੰ ਹਾਸੋ-ਹੀਣੇ ਰੂਪ ਵਿਚ ਪੇਸ਼ ਕਰਦੀਆਂ ਹਨ।

ਗੁਰੂ ਨਾਨਕ ਦੇਵ ਜੀ ਵਲੋਂ ਕੁਰਕਸ਼ੇਤਰ ਵਿਖੇ ਸੂਰਜ ਗ੍ਰਹਿਣ ਦੇ ਮੇਲੇ ਉਤੇ ਕਿਸੇ ਰਾਜਕੁਮਾਰ ਵਲੋਂ ਮਾਰੇ ਹੋਏ ਹਿਰਨ ਨੂੰ ਪਕਵਾਏ ਜਾਣ ਦੀ ਘਟਨਾ ਦਾ ਵਰਨਣ ਵੀ ਮਾਸ-ਅਹਾਰੀ ਵੀਰ ਆਪਣੇ ਪੱਖ ਦੀ ਪੁਸ਼ਟੀ ਲਈ ਕਰਦੇ ਹਨ।

ਬਿਸਮਾਦੀ ਕੌਤਕਾਂ ਵਾਲੇ ਚੋਜ਼ੀ ਸਤਿਗੁਰੂ ਦੇ ਇਸ ਚੋਜ-ਬਿਨੋਦੀ ਕੌਤਕ ਦੀ ਗਤੀ ਸਤਿਗੁਰੂ ਆਪ ਜਾਨਣ, ਪਰ ਇਸ ਰਹੱਸ ਨੂੰ ਸਮਝਣ ਲਈ ਉਸ ਬਾਣੀ ਦੀ ਅੰਦਰਲੀ ਗਵਾਹੀ ਹੀ ਭਰੋਸੇ ਯੋਗ ਹੈ, ਉਸ ਸਮੇਂ ਉਚਾਰੀ ਗਈ ਅਤੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ, ਉਹ ਇਸ ਪ੍ਰਕਾਰ ਹੈ—

ਸਲੋਕ ਮ: ੧ ॥
ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ ॥
ਜੀਉ ਪਾਇ ਮਾਸੁ ਮੁਹਿ ਮਿਲਿਆ ਹਡੁ ਚੰਮੁ ਤਨੁ ਮਾਸੁ ॥
ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸੁ ॥
ਮੁਹੁ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰਿ ਸਾਸੁ ॥
ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ ॥
ਮਾਸਹੁ ਹੀ ਮਾਸੁ ਊਪਜੈ ਮਾਸਹੁ ਸਭੋ ਸਾਕੁ ॥
ਸਤਿਗੁਰਿ ਮਿਲਿਐ ਹੁਕਮੁ ਬੁਝੀਐ ਤਾ ਕੋ ਆਵੈ ਰਾਸਿ ॥
ਆਪਿ ਛੁਟੇ ਨਹ ਛੂਟੀਐ ਨਾਨਕ ਬਚਨਿ ਬਿਣਾਸੁ ॥੧॥

ਮ: ੧ ॥

ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ ॥
ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ ॥
ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ ॥
ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ ॥
ਫੜੁ ਕਰਿ ਲੋਕਾਂ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀ ਸੂਝੈ ॥
ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਬੂਝੈ ॥
ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ ॥
ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਂਹੀ ॥
ਇਸਤ੍ਰੀ ਪੁਰਖੈ ਜਾਂ ਨਿਸਿ ਮੇਲਾ ਓਥੈ ਮੰਧੁ ਕਮਾਹੀ ॥



www.AKJ.Org

ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥
ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥
ਬਾਹਰ ਕਾ ਮਾਸੁ ਮੰਦਾ ਸੁਆਮੀ ਘਰ ਕਾ ਮਾਸੁ ਚੰਗੇਰਾ ॥
ਜੀਅ ਜੰਤ ਸਭਿ ਮਾਸਹੁ ਹੋਏ ਜੀਇ ਲਇਆ ਵਾਸੇਰਾ ॥
ਅਭਖੁ ਭਖਹਿ ਭਖੁ ਤਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ ॥
ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥
ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥
ਮਾਸੁ ਪੁਰਾਣੀ ਮਾਸੁ ਕਤੇਬੀ ਚਹੁ ਜੁਗਿ ਮਾਸੁ ਕਮਾਣਾ ॥
ਜਜਿ ਕਾਜਿ ਵੀਆਹਿ ਸੁਹਾਵੈ ਓਥੈ ਮਾਸੁ ਸਮਾਣਾ ॥
ਇਸਤ੍ਰੀ ਪੁਰਖ ਨਿਪਜਹਿ ਮਾਸਹੁ ਪਾਤਿਸਾਹ ਸੁਲਤਾਨਾਂ ॥
ਜੇ ਓਇ ਦਿਸਹਿ ਨਰਕਿ ਜਾਂਦੇ ਤਾਂ ਉਨ ਕਾ ਦਾਨੁ ਨ ਲੈਣਾ ॥
ਦੇਂਦਾ ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ ॥
ਆਪਿ ਨ ਬੂਝੈ ਲੋਕ ਬੁਝਾਏ ਪਾਂਡੇ ਖਰਾ ਸਿਆਣਾ ॥
ਪਾਂਡੇ ਤੂ ਜਾਣੈ ਹੀ ਨਾਹੀ ਕਿਥਹੁ ਮਾਸੁ ਉਪੰਨਾ ॥
ਤੋਇਅਹੁ ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ ॥
ਤੋਆ ਆਖੈ ਹਉ ਬਹੁ ਬਿਧਿ ਹਛਾ ਤੋਐ ਬਹੁਤੁ ਬਿਕਾਰਾ ॥
ਏਤੇ ਰਸ ਛੋਡਿ ਹੋਵੈ ਸੰਨਿਆਸੀ ਨਾਨਕ ਕਹੈ ਵਿਚਾਰਾ ॥੨॥

[ਵਾਰ ਮਲਾਰ ਕੀ ਮਹਲਾ ੧, ਪੰਨਾ ੧੨੮੯-੯੦

ਉਪ੍ਰੋਕਤ ਸਲੋਕਾਂ ਨੂੰ ਗਹੁ ਨਾਲ ਪੜ੍ਹ ਕੇ ਵਿਚਾਰਨ ਤੋਂ ਸਪਸ਼ਟ ਹੁੰਦਾ ਹੈ ਕਿ ਇਹਨਾਂ ਵਿਚੋਂ ਜੀਵਾਂ ਦਾ ਘਾਤ ਕਰ ਕੇ ਮਾਸ ਖਾਣ ਦੀ ਕਿਸੇ ਤਰ੍ਹਾਂ ਵੀ ਪੁਸ਼ਟੀ ਕੀਤੀ ਹੋਈ ਨਹੀਂ। ਸਲੋਕਾਂ ਵਿਚ ਨਿਰੂਪਨ ਕੀਤੇ ਗਏ ਸਿਧਾਂਤਕ ਨੁਕਤਿਆਂ ਦਾ ਸਾਰੰਸ਼ ਇਸ ਪ੍ਰਕਾਰ ਹੈ :—

(੧) ਮਾਸ ਦੇ ਨਾਂ ਮਾਤਰ ਤੋਂ ਛੂ ਛੂ ਕਰਨਾ ਅਤੇ ਭਿਟ ਜਾਨਣੀ ਫ਼ਜ਼ੂਲ ਹੈ। ਮਨੁਖੀ ਸਰੀਰ ਸਗਵਾਂ ਮਾਸ ਹੈ। ਇਸ ਦੀ ਉਤਪਤੀ ਮਾਸ (ਰਕਤ-ਬਿੰਦ) ਤੋਂ ਹੋਈ ਹੈ ਤੇ ਇਸ ਦੇ ਸਾਰੇ ਅੰਗ ਮਾਸ ਦੇ ਹੀ ਹਨ।

(੨) ਮਾਂ ਦੀ ਕੁਖ ਵਿਚ ਮਨੁਖੀ ਸਰੀਰ ਦੀ ਬਣਤਰ ਬਣਨ ਦੇ ਸਮੇਂ ਤੋਂ ਲੈ ਕੇ ਇਸ ਸਰੀਰ ਮੜੋਲੀ ਦੇ ਨਾਸ ਹੋਣ ਤਕ ਮਾਸ ਕਈ ਰੂਪਾਂ ਵਿਚ ਸਰੀਰ ਦੀ ਅੰਦਰਲੀ ਤੇ ਬਾਹਰਲੀ ਕਿਰਿਆ ਚਲਾਣ ਲਈ ਪਰਯੋਗ ਵਿਚ ਆਉਂਦਾ ਹੈ, ਜਿਵੇਂ ਮਾਂ ਦਾ ਉਦਰ (ਜਿਥੇ ਨੌਂ ਮਹੀਨੇ ਜੀਵ ਨੂੰ ਵਾਸਾ ਮਿਲਦਾ ਹੈ), ਨਾੜੂਆ (ਜਿਸ ਰਾਹੀਂ ਮਾਂ ਦੇ ਪੇਟ ਵਿਚ ਖੁਰਾਕ ਮਿਲਦੀ ਹੈ), ਮੰਮਾ (ਮਾਂ ਦਾ ਦੁੱਧ ਚੁੰਘਣ ਲਈ), ਮੂੰਹ, ਜੀਭ, ਆਦਿ। ਫਿਰ ਵਡੇ ਹੋਇਆਂ ਇਸ ਦਾ ਸੰਜੋਗ ਮਾਸ (ਇਸਤ੍ਰੀ) ਨਾਲ ਹੁੰਦਾ ਹੈ, ਜਿਸ ਤੋਂ ਮਾਸ (ਧੀਆਂ, ਪੁਤਰ) ਪੈਦਾ ਹੁੰਦਾ ਹੈ।

ਟਿਪਣੀ—

ਜਿਸ ਕਿਸਮ ਦੇ ਮਾਸ ਦਾ ਉਪਰ ਜ਼ਿਕਰ ਹੈ ਉਹ ਨਿਰਸੰਦੇਹ ਹੈ ਤਾਂ ਮਾਸ, ਪਰ ਅਜਿਹਾ ਮਾਸ ਜੀਵਨ-ਕਿਰਿਆ ਚਲਾਣ ਲਈ ਸਾਧਨ (Instrument) ਦੇ ਤੌਰ ਤੇ ਵਰਤੋਂ ਵਿਚ ਆਉਂਦਾ ਹੈ, ਉਸ



www.AKJ.Org

ਵਿਚ ਜ਼ੋਰ-ਜ਼ੁਲਮ ਅਤੇ ਪਾਪ-ਕਰਮ ਦੀ ਕੋਈ ਉਪਾਧੀ ਨਹੀਂ ਹੁੰਦੀ। ਸਭ ਜਾਣਦੇ ਹਨ ਕਿ ਰਕਤ ਬਿੰਦ, ਮਾਤਾ ਦਾ ਉਦਰ, ਨਾੜੂਆ, ਮੰਮਾ, ਮੂੰਹ, ਜੀਭ, ਇਸਤ੍ਰੀ, ਧੀਆਂ ਪੁਤਰ ਜਿਨ੍ਹਾਂ ਨਾਲ ਮਨੁਖ ਦਾ ਸਮੇਂ ਸਮੇਂ ਵਾਹ ਪੈਂਦਾ ਹੈ, ਇਹ ਸਾਰੇ ਮਾਸ ਦੇ ਹਨ ਪਰ ਕੋਈ ਇਸ ਕਿਸਮ ਦੇ ਮਾਸ ਨੂੰ ਖਾਂਦਾ ਨਹੀਂ। ਸੋ ਸਲੋਕ ਦਾ ਤਾਤ-ਪਰਜ ਵੈਸ਼ਨਵੀ ਪਾਂਡਿਆਂ ਦੇ ਅੰਦਰੋਂ ਮਾਸ ਦੇ ਨਾਮ ਮਾਤਰ ਦੀ ਘਿਰਣਾ ਦੂਰ ਕਰਨਾ ਹੀ ਹੈ। ਨਾਲ ਹੀ ਸਚਾਈ ਪਰਗਟ ਕੀਤੀ ਹੈ ਕਿ ਮਾਸ ਤੋਂ ਛੁਟਕਾਰਾ ਆਪਣੇ ਯਤਨਾਂ ਜਾਂ ਉਕਤੀਆਂ ਜੁਗਤੀਆਂ ਨਾਲ ਸੰਭਵ ਨਹੀਂ। ਸਤਿਗੁਰੂ ਦੇ ਮਿਲਾਪ ਸਦਕਾ ਹੁਕਮ ਬੁਝਣ ਨਾਲ ਹੀ ਜੀਵਨ-ਯਾਤਰਾ ਸਫਲ ਹੁੰਦੀ ਹੈ ਤੇ ਮਾਸ (ਸਰੀਰ ਧਾਰਨ ਕਰਨ ਤੇ ਆਵਾਗਵਨ ਦੇ ਚਕਰ ਵਿਚ ਪਏ ਰਹਿਣ) ਤੋਂ ਛੁਟਕਾਰਾ ਮਿਲਦਾ ਹੈ।

(੩) ਅਸਲੀ ਗਿਆਨ ਧਿਆਨ ਤੇ ਗੁਹਝ ਰਹਸ ਸਮਝੇ ਬਗ਼ੈਰ ਮਾਸ ਸਬੰਧੀ ਝਗੜਾ ਕਰਨਾ ਫ਼ਜ਼ੂਲ ਹੈ। ਸਤਿਗੁਰੂ ਦੇ ਗਿਆਨ ਤੋਂ ਬਗੈਰ ਇਹ ਸੋਝੀ ਹੀ ਨਹੀਂ ਹੋ ਆਉਂਦੀ ਕਿ ਕਿਹੜੀ ਵਸਤੂ ਮਾਸ ਹੈ ਤੇ ਕਿਹੜੀ ਸਾਗ, ਅਤੇ ਇਹਨਾਂ ਵਿਚੋਂ ਕਿਹੜੀ ਦੇ ਸੇਵਨ ਕਰਨ ਨਾਲ ਮਨੁਖ ਪਾਪਾਂ ਦਾ ਭਾਗੀ ਬਣਦਾ ਹੈ।

***ਟਿਪਣੀ***--ਆਪਣੇ ਮੂਲ ਰੂਪ ਵਿਚ ਨਾ ਮਾਸ ਨਿੰਦਤ ਹੈ ਤੇ ਨਾ ਸਾਗ। ਜੋ ਕੁਝ ਨਿੰਦਤ ਹੈ ਤਾਂ ਉਹ ਹੈ ਮਾਸ ਜਾਂ ਸਾਗ ਦੀ ਪ੍ਰਾਪਤੀ ਲਈ ਜ਼ੋਰ-ਜ਼ੁਲਮ ਅਤੇ ਅਯੋਗ ਸਾਧਨਾਂ ਦੀ ਕੀਤੀ ਗਈ ਵਰਤੋਂ ਅਤੇ ਇਸ ਦੇ ਪਿਛੇ ਕੰਮ ਕਰ ਰਹੀ ਲੋਭ-ਲਾਲਚ ਦੀ ਮੰਦੀ ਭਾਵਨਾ, ਜੋ ਪਾਪ ਦਾ ਮੂਲ ਕਾਰਨ ਹੈ।

ਰਿਸ਼ਵਤ ਅਤੇ ਲੁਟ-ਘਸੁਟ ਦੀ ਕਮਾਈ ਨਾਲ ਪ੍ਰਾਪਤ ਕੀਤਾ ਸਾਗ, ਜੋ ਬੇਸ਼ਕ ਸਾਤਵਿਕ ਭੋਜਨ ਹੈ, ਵੀ ਨਿਰਸੰਦੇਹ ਘਿਰਣਤ ਅਤੇ ਨਿੰਦਤ ਹੈ।

ਬਹੁ ਪਰਪੰਚ ਕਰਿ ਪਰਧਨੁ ਲਿਆਵੈ ॥ ਸੁਤ ਦਾਰਾ ਪਹਿ ਆਨਿ ਲੁਟਾਵੈ ॥ (੬੫੬)

ਗੁਰੂ ਬਾਬੇ ਨੇ ਮਲਕ ਭਾਗੋ ਦੇ ਮਾਲ੍ਹ ਪੂੜੇ (ਜੋ ਭਾਵੇਂ ਸਾਤਵਿਕ ਭੋਜਨ ਸੀ) ਇਸ ਲਈ ਅੰਗੀਕਾਰ ਕਰਨੋਂ ਇਨਕਾਰ ਕੀਤਾ ਸੀ ਕਿਉਂ ਜੁ ਉਹ ਗਰੀਬ ਜਨਤਾ ਉਤੇ ਜ਼ੁਲਮ ਕਰ ਕੇ ਅਤੇ ਲੁਟ-ਘਸੁਟ ਕਰ ਕੇ ਪ੍ਰਾਪਤ ਕੀਤੇ ਧਨ ਪਦਾਰਥਾਂ ਨਾਲ ਤਿਆਰ ਕੀਤੇ ਗਏ ਸਨ। ਗੁਰੂ ਬਾਬੇ ਨੇ ਆਪਣੇ ਕਲਾ-ਕ੍ਰਿਸ਼ਮਾਇਣੀ ਕੌਤਕ ਦੁਆਰਾ ਉਹਨਾਂ ਚੋਂ ਪ੍ਰਤੱਖ ਲਹੂ ਕਢ ਕੇ ਵਿਖਾਇਆ ਸੀ। ਜੀਵਾਂ ਨੂੰ ਵੱਢ ਕੇ ਉਹਨਾਂ ਦਾ ਮਾਸ ਖਾਣ ਲਈ ਤਾਂ ਪ੍ਰਤੱਖ ਹੀ ਉਨ੍ਹਾਂ ਦਾ ਖ਼ੂਨ ਡੁਲ੍ਹਦਾ ਹੈ ਤੇ ਜ਼ੋਰ ਜ਼ੁਲਮ ਵਰਤਿਆ ਜਾਂਦਾ ਹੈ। ਇਹ ਕਰਮ ਅਵੱਸ਼ ਮੰਦਾ ਹੈ, ਅਤੇ ਪਾਪ ਦਾ ਮੂਲ ਹੈ।

ਅਸੰਖ ਗਲਵਢ ਹਤਿਆ ਕਮਾਹਿ ॥ ਅਸੰਖ ਪਾਪੀ ਪਾਪੁ ਕਰਿ ਜਾਹਿ ॥੧੮॥ [ਜਪੁਜੀ

(੪) ਕੇਵਲ ਮਾਸ ਨਾ ਖਾਣ ਵਾਲਾ ਕੋਈ ਵਿਅਕਤੀ ਪਵਿਤਰ ਜਾਂ ਧਰਮੀ ਨਹੀਂ ਹੋ ਸਕਦਾ।

***ਟਿਪਣੀ***--ਧਰਮ ਧਾਰਨ ਕੀਤਿਆਂ ਹੀ ਮਨੁਖ ਧਰਮੀ ਬਣਦਾ ਹੈ, ਐਵੇਂ ਫੋਕਟ ਕਰਮ-ਕਾਂਡ ਕੀਤਿਆਂ ਜਾਂ ਕੁਝ ਪਦਾਰਥਾਂ ਦੇ ਖਾਣ ਦਾ ਤਿਆਗ ਕਰਨ ਨਾਲ ਨਹੀਂ। ਧਰਮ ਦੀ ਪ੍ਰੀਭਾਸ਼ਾ ਬੜੀ ਵਿਸ਼ਾਲ ਤੇ ਡੂੰਘੀ ਹੈ, ਪਰ ਮੂਲ ਰੂਪ ਵਿਚ ਕਰਤੇ ਪੁਰਖ ਵਾਹਿਗੁਰੂ ਦੀ ਹੋਂਦ ਤੇ ਵਿਸ਼ਵਾਸ ਰਖ ਕੇ, ਉਸ ਵਿਚ ਲੀਨ ਹੋਣ ਲਈ, ਨਾਮ ਸਿਮਰਨ ਕਰਨਾ ਧਰਮ ਕਮਾਉਣਾ ਹੈ।

ਸਰਬ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥ (੨੬੬)

ਨਾਮ ਜਪਣਾ ਧਰਮ-ਕਰਮ ਹੈ ਅਤੇ ਕੇਵਲ ਇਹ ਹੀ ਨਿਰਮਲ ਕਰਮ ਹੈ। ਦੈਵੀ ਗੁਣ ਸਤ,ਸੰਤੋਖ,ਦਇਆ,



www.AKJ.Org

ਵੈਰਾਗ, ਤਿਆਗ, ਸਦ ਭਾਵਨਾ ਅਤਿ ਲੋੜੀਂਦੇ ਮਨੁਖੀ ਸ਼ੁਭ ਗੁਣ ਹਨ। ਨਾਮ ਨਾਲ ਇਹ ਸਾਰੇ ਗੁਣ ਸ਼ੋਭਦੇ ਹਨ; ਜਿਵੇਂ ਜੰਞ ਲਾੜੇ ਨਾਲ । ਤੇ ਅਸਲ ਵਿਚ ਇਹ ਨਾਮ-ਸਿਮਰਨ ਵਿਚੋਂ ਸੁਤੇ ਹੀ ਉਪਜਦੇ ਹਨ। ਪਰ ਨਾਮ ਸਿਮਰਨ ਤੋਂ ਬਗੈਰ ਇਹਨਾਂ ਦੀ ਕੋਈ ਵਿਸ਼ੇਸ਼ਤਾ ਨਹੀਂ ਰਹਿ ਜਾਂਦੀ।

ਉਪ੍ਰੋਕਤ ਗੁਣਾਂ ਵਿਚੋਂ ਕਿਸੇ ਇਕ ਜਾਂ ਵਧੇਰਿਆਂ ਦਾ ਧਾਰਨ ਕਰ ਲੈਣਾ ਮੁਬਾਰਕ ਹੈ, ਪਰ ਮਨੁੱਖ ਧਰਮੀ ਤਾਂ ਹੀ ਬਣ ਸਕਦਾ ਹੈ ਜੇ ਨਾਮ-ਸਿਮਰਨ ਦਾ ਸਰਬੋਤਮ ਕਰਮ ਨਾਲ ਹੋਵੇ। ਨਾਮ-ਸਿਮਰਨ ਤੋਂ ਬਗੈਰ ਇਹ ਦੈਵੀ ਗੁਣ ਵਿਖਾਵਾ ਤੇ ਪਰਪੰਚ ਬਣ ਕੇ ਰਹਿ ਜਾਂਦੇ ਹਨ।

ਸਿਫ਼ਰੇ ਜੇ ਕਿਸੇ ਹਿੰਦਸੇ ਨਾਲ ਲਾਏ ਜਾਣ ਤਾਂ ਇਹਨਾਂ ਦਾ ਬੜਾ ਮੁੱਲ ਹੁੰਦਾ ਹੈ। ਪਰ ਇਕਾਈ ਤੋਂ ਬਗੈਰ ਸਿਫ਼ਰੇ ਸਿਫ਼ਰ ਹੀ ਹੁੰਦੇ ਹਨ।

ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥
ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੈ ॥੧॥ਰਹਾਉ॥
ਬਰਤ ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁ ਨ ਪਾਇਆ ॥
ਆਗੈ ਚਲਣੁ ਅਉਰੁ ਹੈ ਭਾਈ ਊਂਹਾ ਕਾਮਿ ਨ ਆਇਆ ॥੧॥

[ਗਉੜੀ ਮਾਲਾ ਮਹਲਾ ੫, ਪੰਨਾ ੨੧੬

ਪਵਿਤਰਤਾ ਦਾ ਸੋਮਾ ਕੇਵਲ ਨਾਮ ਹੈ। ਨਾਮ ਤੋਂ ਵਿਹੂਣਾ ਮਨੁਖ ਕਰਮ-ਕਾਂਡ ਕਰਦਾ ਹੋਇਆ ਵੀ ਕੁਚੀਲ ਹੀ ਰਹਿੰਦਾ ਹੈ । ਫਿਰ ਜੇ ਕੋਈ ਰਕਤ-ਬਿੰਦ ਤੋਂ ਪੈਦਾ ਹੋਇਆ ਕੁਚੀਲ ਪੁਤਲਾ ਇਹ ਡੀਂਗ ਮਾਰੇ ਕਿ ਮਛੀ ਉਹ ਮਾਸ ਨਾ ਖਾਣ ਕਾਰਨ ਨਿਰਮਲ ਹੈ ਜਾਂ ਧਰਮੀ ਹੈ ਤਾਂ ਉਸ ਦਾ ਇਹ ਦਾਅਵਾ ਕੂੜਾਵਾ ਹੀ ਹੈ ।

(੫) ਇਕ ਪਾਸੇ ਮਾਸ-ਤਿਆਗੀ ਹੋਣ ਦਾ ਦਿਖਾਵਾ ਕਰਨਾ ਅਤੇ ਦੂਜੇ ਪਾਸੇ ਦੇਵਤਿਆਂ ਦੀ ਪਾਈ ਬਾਣ ਅਨੁਸਾਰ ਉਹਨਾਂ ਦੀ ਪ੍ਰਸੰਨਤਾ ਲੈਣ ਲਈ ਗੈਂਡਾ ਆਦਿਕ ਜੀਵ ਮਾਰ ਕੇ ਹੋਮ ਜਗ ਕਰਨੇ ਤੇ ਇਸ ਦੇ ਨਾਲ ਹੀ ਰਾਤ ਬਰਾਤੇ ਲੁਕ ਛੁਪ ਕੇ ਸਮੁਚੇ ਮਨੁਖਾਂ ਨੂੰ ਹੜੱਪ ਜਾਣਾ ਪਰਪੰਚ ਨਹੀਂ ਤਾਂ ਹੋਰ ਕੀ ਹੈ ?

(੬) ਇਸਤ੍ਰੀ ਪੁਰਖ, ਰਾਜੇ ਮਹਾਰਾਜੇ ਸਾਰੇ ਮਾਸ ਤੋਂ ਪੈਦਾ ਹੋਏ ਹਨ ਤੇ ਸਗਵਾਂ ਮਾਸ ਹੀ ਹਨ। ਜੇ ਮਾਸ ਮਾੜੀ ਵਸਤੂ ਹੈ ਤਾਂ ਉਹ ਮਾਸ ਦੇ ਪੁਤਲੇ ਅਵੱਸ਼ ਨਰਕਾਂ ਦੇ ਭਾਗੀ ਹੋਣਗੇ ਤਾਂ ਫਿਰ ਅਜਿਹੇ ਵਿਅਕਤੀਆਂ ਦੇ ਦਾਨ ਤੇ ਪਲਣ ਵਾਲੇ ਟੁੱਕੜ-ਬੋਚ ਪਾਂਡੇ ਕਿਵੇਂ ਸਵਰਗ ਜਾਣ ਦੀ ਆਸ ਰਖ ਸਕਦੇ ਹਨ ?

(੭) ਸਾਰੇ ਪਦਾਰਥ ਪਾਣੀ ਤੋਂ ਉਪਜਦੇ ਹਨ ਤੇ ਇਸ ਤਰ੍ਹਾਂ ਸਭ ਪਦਾਰਥਾਂ ਦਾ ਮੁਢ ਮੂਲ ਪਾਣੀ ਮੰਨਿਆ ਜਾਂਦਾ ਹੈ। ਜਲ ਵਿਚ ਜੀਵਨ-ਸਤਾ ਹੈ ਤੇ ਇਸ ਤਰ੍ਹਾਂ ਜਲ ਸਲਾਹੁਣ-ਜੋਗ ਵਸਤੂ ਹੈ, ਤੇ ਜਲ ਤੋਂ ਉਪਜੇ ਸਭ ਪਦਾਰਥ ਵੀ ਸਲਾਹੁਣ-ਜੋਗ ਹਨ । ਪਰ ਜੇ ਜੀਵਨ ਲਈ ਨਿਰਬਾਹ ਮਾਤਰ ਵਰਤੋਂ ਕਰਨ ਦੀ ਬਜਾਏ ਇਹਨਾਂ ਪਦਾਰਥਾਂ ਨੂੰ ਚਸਕਿਆਂ ਦੇ ਅਧੀਨ ਅੰਨ੍ਹੇਵਾਹ ਸੇਵਨ ਕੀਤਾ ਜਾਵੇ ਤਾਂ ਅਜਿਹਾ ਕਰਨ ਨਾਲ ਸਰੀਰ ਪਰਫੁਲਤ ਹੋਣ ਦੀ ਬਜਾਏ ਪੀੜਿਆ ਜਾਂਦਾ ਹੈ ਅਤੇ ਰੋਗ ਦਾ ਵਿਕਾਰੀ ਹੋ ਜਾਂਦਾ ਹੈ। ਤਾਂ ਤੇ ਰਸਾਂ ਕਸਾਂ ਦੇ ਚਸਕਿਆਂ ਤੋਂ ਨਿਰਲੇਪ ਹੋ ਕੇ ਨਾਮ ਤੇ ਆਸ੍ਰਿਤ ਹੋਇਆਂ ਹੀ ਕੋਈ ਆਦਰਸ਼ਕ ਮਨੁਖ ਮੰਨਿਆ ਜਾ ਸਕਦਾ ਹੈ।

ਸੋ ਸਪਸ਼ਟ ਹੈ ਕਿ ਇਸ ਸ਼ਬਦ ਵਿਚ ਵੈਸ਼ਨਵ ਪਾਂਡਿਆਂ ਦੀ ਮਾਸ ਦੇ ਨਾਮ-ਮਾਤਰ ਤੋਂ ਭਿਟ ਜਾਣ ਦਾ ਭਰਮ ਨਿਵਿਰਤ ਕੀਤਾ ਗਿਆ ਹੈ। ਸਾਡੇ ਮਾਸ-ਅਹਾਰੀ ਵੀਰਾਂ ਵਲੋਂ ਜੀਵਾਂ ਨੂੰ ਸੰਘਾਰ ਕੇ ਮਾਸ ਖਾਣ ਦੀ ਪੁਸ਼ਟੀ ਵਿਚ ਇਸ ਸ਼ਬਦ ਦੀ ਵਰਤੋਂ ਸਰਾ-ਸਰ ਬੇਪਰਜੀ ਹੈ।



www.AKJ.Org

ਇਤਿਹਾਸ ਵਿਚ ਸਤਿਗੁਰਾਂ ਵਲੋਂ ਸ਼ਿਕਾਰ ਕੀਤੇ ਜਾਣ ਸੰਬੰਧੀ ਕੁਝ ਸਾਖੀਆਂ ਆਉਂਦੀਆਂ ਹਨ। ਮਾਸ-ਅਹਾਰੀ ਵੀਰ ਮਾਸ ਖਾਣ ਦੀ ਪੁਸ਼ਟੀ ਲਈ ਇਹਨਾਂ ਸਾਖੀਆਂ ਦੀ ਆੜ ਲੈਂਦੇ ਹਨ, ਪਰ ਇਹਨਾਂ ਸਾਖੀਆਂ ਨੂੰ ਗਹੁ ਨਾਲ ਪੜ੍ਹਨ ਤੇ ਵਿਚਾਰਨ ਮਗਰੋਂ ਜਿਹੜਾ ਰਹਸ ਉਘੜਦਾ ਹੈ, ਉਸ ਤੋਂ ਸਪਸ਼ਟ ਹੁੰਦਾ ਹੈ ਕਿ ਸਤਿਗੁਰਾਂ ਦਾ ਸ਼ਿਕਾਰ ਖੇਡਣਾ ਮਾਸ ਖਾਣ ਹਿਤ ਨਹੀਂ ਸੀ, ਸਗੋਂ ਇਸ ਦਾ ਸਹੀ ਮੰਤਵ ਕੁਝ ਹੋਰ ਸੀ।

(੧) ਸ਼ਸਤਰ ਅਭਿਆਸ ਕਰਨਾ।
(੨) ਖ਼ੂਨਖ਼ਾਰ ਜਾਨਵਰਾਂ; ਸ਼ੇਰਾਂ, ਚੀਤਿਆਂ, ਰਿੱਛਾਂ ਤੋਂ ਲੋਕਾਂ ਦਾ ਛੁਟਕਾਰਾ ਕਰਵਾਉਣਾ।
(੩) ਪੂਰਵ-ਕਾਲ ਵਿਚ ਉਤਰ-ਅਧਿਕਾਰੀ ਸਤਿਗੁਰਾਂ ਜਾਂ ਗੁਰਸਿਖਾਂ ਵਲੋਂ ਹੋਏ ਸੁਤੇ ਸਿਧ ਬਚਨਾਂ ਅਨੁਸਾਰ ਕੁਝ ਜਾਨਵਰਾਂ ਦਾ ਉਧਾਰ ਕਰਨਾ।

ਸ਼ਿਕਾਰ ਸੰਬੰਧੀ ਸਾਰੀਆਂ ਸਾਖੀਆਂ ਵਿਚੋਂ ਉਪ੍ਰੋਕਤ ਵਰਣਿਤ ਤਥਾਂ ਵਿਚੋਂ ਕੋਈ ਇਕ ਤਥ ਉਘੜਦਾ ਹੈ। ਏਥੇ ਇਕ ਗੱਲ ਵਿਸ਼ੇਸ਼ ਤੌਰ ਤੇ ਵਰਨਣ ਕੀਤੇ ਜਾਣ ਜੋਗ ਹੈ ਕਿ ਕਰੁਣਾ-ਮੂਰਤੀ ਸਤਿਗੁਰੂ ਸ੍ਰੀ ਹਰਿ ਰਾਏ ਸਾਹਿਬ ਵੀ ਸ਼ਿਕਾਰ ਤੇ ਚੜ੍ਹਦੇ ਰਹੇ। ਆਪ ਜੀ ਦਾ ਹੁਕਮ ਸੀ ਕਿ ਕਿਸੇ ਜਾਨਵਰ ਨੂੰ ਮਾਰਨਾ ਨਹੀਂ। ਸ਼ਿਕਾਰ ਕਰਨ ਦੇ ਪਜ ਨਿਰਬਲ, ਰੋਗੀ ਅਤੇ ਫਟੜ ਜਾਨਵਰਾਂ ਨੂੰ ਜ਼ਿੰਦਾ ਫੜ ਕੇ ਲਿਆਇਆ ਜਾਂਦਾ ਅਤੇ ਕੁਝ ਦਿਨ ਦੁਆ-ਦਾਰੂ ਤੇ ਸੇਵਾ-ਸੰਭਾਲ ਕਰ ਕੇ ਫਿਰ ਜੰਗਲ ਵਿਚ ਛਡ ਦਿਤਾ ਜਾਂਦਾ। ਇਹ ਸ਼ਿਕਾਰ ਕਿਸੇ ਲੋਭ ਲਾਲਚ ਲਈ ਨਹੀਂ, ਸਗੋਂ ਪਰਉਪਕਾਰ ਹਿਤ ਕੀਤਾ ਜਾਂਦਾ ਸੀ।

[ਚਲਦਾ

---

# ਸੱਚੀ ਟਕਸਾਲ

[ਮਾਸਟਰ ਮਾਘ ਸਿੰਘ ਜੀ ਬੈਂਕੋਕ ਵਾਲੇ, ਸਮਾਧ ਭਾਈ-ਮੋਗਾ]

(ਜਪੁਜੀ ਦੀ ੩੮ਵੀਂ ਪੌੜੀ ਵਿਚ ਦਸੀ ਹੋਈ ਟਕਸਾਲ ਵਿਚ ਹਰ ਵੇਲੇ ਨਾਮ ਰੂਪੀ ਸੱਚੀਆਂ ਸਵਰਨ-ਮੋਹਰਾਂ ਤਿਆਰ ਹੁੰਦੀਆਂ ਹਨ, ਜੋ ਪ੍ਰਾਣੀ ਨੂੰ ਏਨਾ ਧਨੀ ਬਣਾ ਦਿੰਦੀਆਂ ਹਨ ਕਿ ਉਸ ਦਾ ਧਨ ਕਦੇ ਨਿਖੁਟਦਾ ਨਹੀਂ ਅਤੇ ਉਹ ਸਦੈਵੀ ਖ਼ੁਸ਼ੀ ਪ੍ਰਾਪਤ ਕਰ ਲੈਂਦਾ ਹੈ। ਉਸ ਸੇਧ ਵਿਚ ਮਨ ਨੂੰ ਪਰੇਰਨਾ ਦਿਤੀ ਹੈ।)

ਐ ਮਨ ਮੇਰੇ ਗੁਰਮਤੀ ਬਣ ਕੇ, ਹੁਣ ਕੁਈ ਸੱਚ ਵਿਹਾਰ ਚਲਾ ਲੈ।
ਸੱਚੀ ਹੀ ਟਕਸਾਲ ਲਗਾ ਕੇ, ਮੋਹਰਾਂ ਸੱਚ-ਸਵਰਨ ਬਣਾ ਲੈ।੧।
ਜਤ ਸਤ ਦੀ ਤੂੰ ਭੱਠੀ ਲਾ ਕੇ, ਧੀਰਜ ਨਾਂ ਸੁਨਿਆਰ ਬੁਲਾ ਕੇ,
ਰੱਬ ਦੇ ਡਰ ਦੀ ਧੌਂਕਣ ਰਖ ਕੇ, ਦ੍ਰਿੜ੍ਹਤਾ ਅੱਗ ਨੂੰ ਫੂਕਾਂ ਲਾ ਲੈ।੨।
ਢਲ ਢਲ ਅੰਮ੍ਰਿਤ ਸ਼ਬਦ ਕੁਠਾਲੀ, ਕਣੀਆਂ ਡਿਗਣ ਧਾਰ ਪਨਾਲੀਂ,
ਭਾਂਡਾ ਰੱਬੀ ਪਿਆਰ ਬਣਾ ਕੇ, ਸੱਚੇ ਹਿਰਦੇ ਅੰਮ੍ਰਿਤ ਪਾ ਲੈ।੩।
ਮੱਤ ਆਪਣੀ ਨੂੰ ਅਹਿਰਣ ਕਰ ਕੇ, ਗਿਆਨ-ਹਥੌੜੇ ਸੱਟਾਂ ਲਾ ਕੇ,
ਇਕ ਓਅੰਕਾਰ ਅੰਕਤ ਕਰ ਕੇ, ਸ਼ਾਂਤਮਈ ਦੀ ਠੰਢ ਪੁਚਾ ਲੈ।੪।
ਜੁੜ ਅਰਦਾਸੇ ਬਖ਼ਸ਼ਿਸ਼ ਲੋੜੀਂ, ਉਸ ਦੀ ਕਿਰਪਾ ਕਾਰ ਨੂੰ ਜੋੜੀਂ,
ਮੁਕ ਜਾਏ ਧਾਵਨ ਭਟਕਨ ਤੇਰਾ, ਥਿਰ ਰਹਿਣੀ ਮਨ ਟੇਕ ਟਿਕਾ ਲੈ।੫।
ਖੁਲ੍ਹ ਜਾਏ ਸੀਮਾ ਖ਼ੁਸ਼ੀਆਂ ਵਾਲੀ; ਨਦਰੀਂ ਨਦਰ ਨਿਹਾਲ ਹੋ ਜਾਵੀਂ,
ਵਾਹਿਗੁਰੂ ਵਾਹਿਗੁਰੂ ਮੋਹਰਾਂ ਟਣਕਣ, ਐਸੀ ਪਿਆਰ-ਟਕਸਾਲ ਲਗਾ ਲੈ।੬।



www.AKJ.Org

# ਜਬ ਲਗ ਖਾਲਸਾ ਰਹੇ ਨਿਆਰਾ

[ਸ: ਗੁਰਚਰਨ ਸਿੰਘ ਜੀ ਟੌਹੜਾ, ਪਰਧਾਨ, ਸ਼੍ਰੋਮਣੀ ਗੁ: ਪ੍ਰ: ਕਮੇਟੀ]

ਸਿੱਖ ਲਹਿਰ ਨੇ ਇਕ ਨਵੇਂ ਮਨੁੱਖ, ਇਕ ਨਵੇਂ ਸਮਾਜ ਤੇ ਇਕ ਨਵੇਂ ਰਾਸ਼ਟਰ ਦਾ ਤਸੱਵਰ ਪੇਸ਼ ਕਰਕੇ ਸਿਰਫ ਭਾਰਤ ਦੇ ਇਤਿਹਾਸ ਵਿਚ ਹੀ ਨਹੀਂ, ਸਗੋਂ ਵਿਸ਼ਵ-ਸਭਿਅਤਾ ਦੀ ਤਾਰੀਖ ਵਿਚ ਯੁਗ-ਪਲਟਾਊ ਰੋਲ ਅਦਾ ਕੀਤਾ ਹੈ। ਮਨੁੱਖ ਅੰਦਰ ਰੂਹਾਨੀ ਪ੍ਰਕਾਸ਼ ਤੇ ਸਮਾਜ ਵਿਚ ਨਵੀਂ ਜਾਗ੍ਰਤੀ ਲਿਆ ਕੇ ਸਿੱਖ ਮੱਤ ਨੇ ਇਨਕਲਾਬੀ ਸ਼ਕਤੀ ਨੂੰ ਜਨਮ ਦਿੱਤਾ ਹੈ। ਗੁਰੂ ਨਾਨਕ ਦੇਵ ਜੀ ਨੇ ਜੋ ਬੀਜ ਬੀਜਿਆ; ਉਸ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਰਵਾਨ ਚੜ੍ਹਾਇਆ। ਪੰਚ ਪਰਵਾਨ, ਪੰਚ ਪਰਧਾਨ ਦੇ ਗੁਰੂ ਨਾਨਕ ਸਾਹਿਬ ਦੇ ਸੰਕਲਪ ਨੂੰ ਪੰਜਾਂ ਪਿਆਰਿਆਂ ਦੇ ਰੂਪ ਵਿਚ ਮੂਰਤੀਮਾਨ ਕਰ ਕੇ ਦਸਮੇਸ਼ ਪਿਤਾ ਨੇ ਖੰਡੇ ਦੇ ਅੰਮ੍ਰਿਤ ਰਾਹੀਂ ਇਕ ਨਵੀਂ ਕੌਮ ਦੀ ਸਿਰਜਨਾ ਕੀਤੀ, ਆਪਣਾ ਸਾਰਾ ਤੇਜ ਪ੍ਰਤਾਪ ਖਾਲਸੇ ਨੂੰ ਪ੍ਰਦਾਨ ਕੀਤਾ। ਪਰ ਗੁਰੂ ਸਾਹਿਬ ਨੇ ਵਰਦਾਨ ਦੇਂਦਿਆਂ ਇਕ ਸ਼ਰਤ ਵੀ ਲਗਾਈ ਸੀ :—

ਜਬ ਲਗ ਖਾਲਸਾ ਰਹੇ ਨਿਆਰਾ ॥ ਤਬ ਲਗ ਤੇਜ ਦੀਉ ਮੈਂ ਸਾਰਾ ॥

ਸਿੱਖ ਕੌਮ ਦੀ ਹਸਤੀ ਕਾਇਮ ਰਖਣ ਲਈ ਤੇ ਖਾਲਸਾ ਪੰਥ ਦਾ ਸਤਾਧਾਰੀ ਭਵਿੱਖ ਯਕੀਨੀ ਬਨਾਉਣ ਲਈ "ਸਰਬ ਲੋਹ ਗ੍ਰੰਥ" ਦੇ ਉਪਰਲੇ ਮਹਾਂ ਵਾਕ ਨੂੰ ਯਾਦ ਰਖਣਾ ਬਹੁਤੀ ਜ਼ਰੂਰੀ ਹੈ। ਆਪਣੇ ਨਿਆਰੇਪਣ ਬਾਰੇ ਸੁਚੇਤ ਤੇ ਸਾਵਧਾਨ ਹੋਣਾ ਬਾਦਸ਼ਾਹ ਦਰਵੇਸ਼ ਦੀਆਂ ਖੁਸ਼ੀਆਂ ਪ੍ਰਾਪਤ ਕਰਨਾ ਹੈ।

ਇਹ ਨਿਆਰਾਪਣ ਕੀ ਹੈ ? ਇਹ ਨਿਆਰਾਪਣ ਸਿਰਫ ਪੰਜ ਕੱਕਾਰਾਂ ਦਾ ਜਾਂ ਸ਼ਕਲੋ ਸੂਰਤ ਦਾ ਵਖਰਾਪਣ ਹੀ ਨਹੀਂ, ਸਗੋਂ ਇਸ ਦੇ ਪਿੱਛੇ ਮਹੱਤਵਪੂਰਣ ਰਹੱਸਯ ਹੈ। ਇਹ ਨਿਆਰਾਪਣ ਸਿੱਖ ਲਹਿਰ ਦੀ ਵਿਚਾਰਧਾਰਾ ਤੇ ਵਿਲੱਖਣ ਗੁਣਾਂ ਦਾ ਹੈ, ਸਿੱਖ ਸਮਾਜ ਦੇ ਸੰਸਥਾਈ ਸੰਗਠਨ ਦਾ ਹੈ, ਸਿੱਖ ਕੌਮ ਦੇ ਖਾਲਸਾਈ ਸਰੂਪ ਦਾ ਹੈ, ਸਿੱਖ ਅੰਦੋਲਨ ਦੇ ਰਾਜਸੀ ਉਦੇਸ਼ਾਂ ਦਾ ਹੈ। ਇਸ ਪ੍ਰਕਾਰ ਸਿੱਖ ਮਜ਼੍ਹਬ ਸੰਸਾਰ ਦੇ ਪੰਜ ਵੱਡੇ ਧਰਮਾਂ ਵਿਚ ਵਿਸ਼ੇਸ਼ ਅਸਥਾਨ ਰਖਦਾ ਹੈ।

ਸਿੱਖ ਮੱਤ ਦੇ ਆਗਮਨ ਸਮੇਂ ਭਾਰਤ ਵਿਚ ਦੋ ਮੁੱਖ ਧਾਰਮਿਕ ਧਾਰਾਵਾਂ ਵਿਚਰ ਰਹੀਆਂ ਸਨ—ਹਿੰਦੂ ਤੇ ਮੁਸਲਿਮ। ਇਹ ਅਗੋਂ ਕਈ ਸ਼ਾਖਾਵਾਂ ਵਿਚ ਵੰਡੀਆਂ ਹੋਈਆਂ ਸਨ। ਧਰਮ ਭਿੰਨ ਭਿੰਨ ਮੱਤਾਂ ਮਤਾਂਤ੍ਰਾਂ ਦਾ ਮਿਲਗੋਭਾ ਬਣ ਚੁਕਿਆ ਸੀ। ਇਕ ਪਾਸੇ ਸ਼ਿਵ ਦੀ ਪੂਜਾ ਕਰਨ ਵਾਲੇ ਸ਼ੈਵ ਸਨ, ਵਿਸ਼ਨੂੰ ਨੂੰ ਮੰਨਣ ਵਾਲੇ ਵੈਸ਼ਨਵ ਸਨ, ਸੂਰਜ ਦੀ ਅਰਾਧਨਾ ਕਰਨ ਵਾਲੇ ਸ਼ੌਰਯ ਸਨ, ਗਣੇਸ਼ ਦੇ ਭਗਤ ਗਣਪਤੀਏ ਸਨ ਤਾਂ ਦੂਜੇ ਪਾਸੇ ਦੇਵੀ ਦੀ ਪੂਜਾ ਕਰਨ ਵਾਲੇ ਸ਼ਾਕਤ ਸਨ। ਕਰਮ-ਕਾਂਡ ਦਾ ਅੰਧਕਾਰ ਸੀ ਤੇ ਅੰਧ-ਵਿਸ਼ਵਾਸੀ ਦਾ ਧੁੰਦਕਾਰ। ਧਰਮ ਤੇ ਧਾਰਮਿਕ ਸੰਸਥਾਵਾਂ ਦੇ ਨੁਮਾਇੰਦੇ (ਬ੍ਰਾਹਮਣ, ਕਾਜ਼ੀ, ਯੋਗੀ) "ਤੀਨੇ ਉਜਾੜੇ ਕਾ ਬੰਧੁ" ਬਣ ਚੁਕੇ ਸਨ। ਆਵਾਗਵਨ ਦੇ ਫਲਸਫੇ ਨੇ ਲੋਕਾਂ ਨੂੰ ਹੋਣੀ ਅਗੇ ਨਿਰਬਲ ਕਰ ਦਿਤਾ ਸੀ। ਉਹਨਾਂ ਵਿਚ ਆਪਣੀ ਕਿਸਮਤ ਦਾ ਆਪ ਭਾਗ-ਵਿਧਾਤਾ ਬਣਨ ਦਾ ਜਜ਼ਬਾ ਖ਼ਤਮ ਹੋ ਚੁਕਾ ਸੀ, ਜਿਸ ਦਾ ਨਤੀਜਾ ਨਿਕਲਿਆ ਸਿਆਸੀ ਗੁਲਾਮੀ। ਗਿਆਰ੍ਹਵੀਂ ਸਦੀ ਦੇ ਸ਼ੁਰੂ ਵਿਚ ਰਾਜਾ ਅਨੰਗਪਾਲ ਦੇ ਘੋੜੇ ਤੋਂ ਗਿਰ ਕੇ ਮਰ ਜਾਣ ਉਪਰੰਤ ਪੰਜਾਬ ਖ਼ੁਦ-ਮੁਖਤਿਆਰ ਸਿਆਸੀ ਤਾਕਤ ਗਵਾ ਬੈਠਾ ਸੀ। ਇਹ ਖੋਈ ਹੋਈ ਤਾਕਤ ਮੁੜ ਉਦੋਂ ਹੱਥ ਆਈ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ 'ਸਵਾ ਲਾਖ ਸੇ ਏਕ ਲੜਾਉ' ਵਾਲੀ ਅਥਾਹ ਸ਼ਕਤੀ ਪੈਦਾ ਕੀਤੀ। ਅਜਿਹੀ ਕ੍ਰਾਂਤੀਕਾਰੀ ਸ਼ਕਤੀ ਹੋਂਦ ਵਿਚ ਲਿਆਉਣ ਲਈ ਇਹ ਜ਼ਰੂਰੀ ਸੀ ਕਿ ਨਵੇਂ ਸਿਰਿਓਂ ਧਰਮ ਦਾ ਪੱਥ-ਪ੍ਰਦਰਸ਼ਕ ਰੋਲ ਦ੍ਰਿਸ਼ਟੀ ਗੋਚਰ ਕੀਤਾ ਜਾਵੇ; ਧਰਮ ਪੁਰਾਣੇ ਨਿਜ਼ਾਮ ਦਾਰਾ ਖਾ ਨਾ ਰਹਿ ਕੇ



www.AKJ.Org

ਨਵੇਂ ਸਮਾਜ ਦਾ ਰਣਜੀਤ ਨਗਾਰਾ ਸਿਧ ਹੋਵੇ, ਧਰਮ ਵਿਤਕਰੇ ਦੀ ਥਾਂ ਮਨੁੱਖੀ ਏਕਤਾ ਦਾ ਸਾਧਨ ਬਣੇ; ਅਥਵਾ ਧਰਮ ਨੇਕੀ ਦੀਆਂ ਤਾਕਤਾਂ (ਸੰਤ) ਨੂੰ ਉਭਾਰੇ ਤੇ ਬਦੀ ਦੀਆਂ ਸ਼ਕਤੀਆਂ (ਦੁਸ਼ਟ) ਨੂੰ ਪਕਰਿ ਪਛਾਰੇ। ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਦਾ ਅਜਿਹਾ ਨਵਾਂ ਸਰੂਪ ਤੇ ਰੋਲ ਸੰਸਾਰ ਅਗੇ ਰਖਿਆ :—

ਹਮ ਇਹ ਕਾਜ ਜਗਤ ਮੋ ਆਏ। ਧਰਮ ਹੇਤ ਗੁਰਦੇਵ ਪਠਾਏ।
ਜਹਾਂ ਤਹਾਂ ਤੁਮ ਧਰਮ ਬਿਥਾਰੋ। ਦੁਸ਼ਟ ਦੋਖੀਅਨਿ ਪਕਰਿ ਪਛਾਰੋ।
ਯਾਹੀ ਕਾਜ ਧਰਾ ਹਮ ਜਨਮੰ। ਸਮਝ ਲੇਹੁ ਸਾਧੂ ਸਭ ਮਨਮੰ।
ਧਰਮ ਚਲਾਵਨ ਸੰਤ ਉਬਾਰਨ। ਦੁਸ਼ਟ ਸਭਨ ਕੋ ਮੂਲ ਉਪਾਰਨ।

ਇਸ ਤਰ੍ਹਾਂ ਸਿੱਖ ਲਹਿਰ ਨੇ ਧਰਮ ਦੇ ਨਵੇਂ ਅਰਥ ਦੇ ਅਧਾਰ ਤੇ ਇਕ ਨਵਾਂ ਵਿਲੱਖਣ, ਨਿਆਰਾ ਮਾਰਗ ਦਰਸਾਇਆ। ਇਹ ਨਵਾਂ ਸ਼ਬਦ-ਮਾਰਗ ਪੁਰਾਣੇ ਗਿਆਨ ਮਾਰਗ, ਕਰਮ ਮਾਰਗ, ਭਗਤੀ ਮਾਰਗ ਤੇ ਹਠ-ਯੋਗ ਤੋਂ ਵੱਖਰਾ ਹੈ; ਪੁਰਾਤਨ ਧਰਮ ਦੇ ਖਟ ਦਰਸ਼ਨ, ਛੇ ਭੇਖਾਂ ਤੇ ਛੇ ਕਰਮਾਂ ਤੋਂ ਵਿਲੱਖਣ ਹੈ। ਇਸ ਸ਼ਬਦ-ਮਾਰਗ ਵਿਚ ਕੇਂਦਰੀ ਨੁਕਤਾ ਗੁਰ-ਸ਼ਬਦ ਹੈ। ਇਸ ਵਿਚ ਫੋਕੇ ਕਰਮ ਕਾਂਡ ਦੀ ਥਾਂ ਪ੍ਰਕਾਸ਼ਮਾਨ ਨਿਤਨੇਮ ਹੈ, ਪੁੰਨ ਦਾਨ ਦੀ ਥਾਂ ਸੇਵਾ ਹੈ, ਪ੍ਰਲੋਕ-ਮੁਖੀ ਮੁਕਤੀ ਦੀ ਥਾਂ ਜੀਵਨ-ਮੁਕਤੀ ਹੈ, ਨਿਜੀ ਨਿਰਵਾਨ ਦੀ ਥਾਂ ਸਰਬੱਤ ਦਾ ਭਲਾ ਹੈ। ਇਹ ਤੀਜੇ ਪਦ ਤੋਂ ਅਗੇ ਲੰਘ ਚੌਥੇ ਪਦ ਦੀ ਪ੍ਰਾਪਤੀ ਹੈ। ਇਸ ਵਿਚ ਨਿਰਵਿਰਤੀ ਦੇ ਨਾਲ ਸ਼ਕਤੀ ਹੈ, ਜਾਂ ਦੂਜੇ ਸ਼ਬਦਾਂ ਵਿਚ ਪੀਰੀ ਦੇ ਨਾਲ ਮੀਰੀ ਹੈ। ਏਸੇ ਲਈ ਦਸਮੇਸ਼ ਪਿਤਾ ਨੂੰ ਮੀਰੀ-ਪੀਰੀ ਦਾ ਮਾਲਕ ਚਿਤਵਿਆ ਜਾਂਦਾ ਹੈ। ਇਸ ਨਵੇਂ ਮਾਰਗ ਦੇ ਨਿਆਰੇਪਣ ਨੂੰ ਦਰਸਾਉਣ ਲਈ ਹੀ ਭਾਈ ਗੁਰਦਾਸ (ਦੂਸਰੇ) ਨੇ ਇਉਂ ਲਿਖਿਆ ਹੈ :—

ਇਹ ਤੀਸਰ ਮਜ਼ਹਬ ਖਾਲਸਾ ਉਪਜਿਓ ਪਰਧਾਨਾ।
ਜਿਨਿ ਗੁਰੂ ਗੋਬਿੰਦ ਦੇ ਹੁਕਮ ਸੋ ਗਹਿ ਖੜਗ ਦਿਖਾਨਾ।

ਜੇ ਇਕ ਪਾਸੇ ਸਿੱਖ ਮੱਤ ਵਿਚ ਪੀਰੀ-ਪੱਖ ਦਾ ਸੰਬੰਧ ਆਤਮਕ-ਵਿਕਾਸ ਤੇ ਆਪ੍ਰਾ ਚੀਨਣ ਨਾਲ ਹੈ; ਇਕ ਨਵੇਂ ਮਨੁੱਖ (ਗੁਰਮੁਖ) ਦੀ ਸਿਰਜਨਾ ਨਾਲ ਹੈ ਤਾਂ ਮੀਰੀ-ਪਹਿਲੂ ਦਾ ਸੰਬੰਧ ਇਕ ਨਵੇਂ ਸਮਾਜ ਤੇ ਰਾਸ਼ਟਰ ਦੀ ਸਥਾਪਨਾ ਨਾਲ ਹੈ, ਜਿਸ ਵਿਚ ਨਵੇਂ ਯੁਗ ਦੀ ਨਵੀਂ (ਗੈਰ-ਜਾਗੀਰਦਾਰੀ) ਸਭਿਅਤਾ ਦੀਆਂ ਨਵੀਆਂ ਕੀਮਤਾਂ ਕਦਰਾਂ ਵਿਦਮਾਨ ਹੋਣਗੀਆਂ।

ਇਸ ਨਵੀਂ ਵਿਚਾਰਧਾਰਾ ਦਾ ਕੇਂਦਰੀ ਨੁਕਤਾ ਹੈ : ਪਰਮ ਹਸਤੀ ਦਾ ਜਾਗਤ ਜੋਤਿ ਦੇ ਰੂਪ ਵਿਚ ਨਵਾਂ ਨਜ਼ਰੀਆ। ਜਦੋਂ ਇਹ ਜੋਤਿ ਮਨੁੱਖੀ ਹਿਰਦੇ ਵਿਚ ਜਾਗਤ ਹੁੰਦੀ ਹੈ ਤਾਂ ਊਚ ਨੀਚ, ਜਾਤ ਪਾਤ ਦੇ ਸਾਰੇ ਭੇਦ-ਭਾਵ ਸਮਾਪਤ ਹੋ ਕੇ ਸਾਰੀ ਮਨੁੱਖਤਾ ਇਕੋ ਨੂਰ ਤੋਂ ਉਪਜੀ ਦਿੱਸ ਆਉਂਦੀ ਹੈ ਅਤੇ ਮਨੁੱਖੀ ਏਕਤਾ ਦਾ ਅਹਿਸਾਸ ਪੈਦਾ ਹੁੰਦਾ ਹੈ :—

ਮਾਨਸ ਕੀ ਜਾਤਿ ਸਭੈ ਏਕੋ ਪਹਿਚਾਨਬੋ।

ਜਾਗਤ ਜੋਤਿ ਦਾ ਪ੍ਰਕਾਸ਼ ਹੀ ਧਰਮ ਦਾ ਵਿਕਾਸ ਹੈ ਤੇ ਧਰਮ ਦਾ ਵਿਕਾਸ ਇਕ ਅਜਿਹੀ ਸਮਾਜੀ ਅਵਸਥਾ ਦੇ ਰੂਪ ਵਿਚ ਮੂਰਤੀਮਾਨ ਹੁੰਦਾ ਹੈ ਜਿਸ ਵਿੱਚ ਸੱਚ ਹੈ, ਨਿਆਂ ਹੈ :

ਤਿਹ ਨਿਰਭਉ ਰਾਜ ਕਮਾਇਅਨੁ ਸਚ ਅਦਲ ਚਲਾਏ।
ਤਬ ਸਹਜੇ ਧਰਮ ਪ੍ਰਗਾਸਿਆ ਹਰਿ ਹਰਿ ਜਸ ਗਾਏ।

(ਭਾਈ ਗੁਰਦਾਸ ਦੂਜਾ)

ਇਉਂ ਗੁਰੂ ਸਾਹਿਬ ਨੇ ਇਕ ਨਵੇਂ ਸਮਾਜੀ ਪ੍ਰਬੰਧ ਦੀ, ਨਵੇਂ ਸੰਸਾਰ ਦੀ, ਜਾਂ ਦੂਸਰੇ ਸ਼ਬਦਾਂ ਵਿਚ ਖਾਲਸਾ-ਤੰਤ੍ਰ ਦੀ ਬੁਨਿਆਦ ਰੱਖੀ। ਇਹ ਇਕ ਅਜਿਹਾ ਨਜ਼ਰੀਆ ਸੀ, ਜਿਸ ਨੇ ਪੁਰਾਣੇ ਜਾਗੀਰਦਾਰੀ



www.AKJ.Org

ਨਿਜ਼ਾਮ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ। ਪਹਿਲੀ ਵਾਰ ਸੰਸਾਰ ਦੇ ਇਤਿਹਾਸ ਵਿਚ ਇਹ ਖਿਆਲ ਪੈਦਾ ਹੋਇਆ ਕਿ ਸਮੁੱਚੀ ਸਮਾਜੀ-ਸਿਆਸੀ ਤਾਕਤ ਦਾ ਸੋਮਾ ਸੰਗਤ, ਭਾਵ, ਜਨ-ਸਮੂਹ ਹੈ।

"......ਆਪੇ ਗੁਰ ਚੇਲਾ" ਦਾ ਇਹੋ ਭਾਵ ਹੈ, ਜਿਸ ਨੂੰ ਗੁਰੂ ਸਾਹਿਬ ਨੇ ਇਉਂ ਹੋਰ ਸਪੱਸ਼ਟ ਕੀਤਾ ਹੈ :

ਜੁਧ ਜਿਤੇ ਇਨ ਹੀ ਕੇ ਪ੍ਰਸਾਦਿ ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ ॥
ਅਘ ਅਉਘ ਟਰੈ ਇਨ ਹੀ ਕੇ ਪ੍ਰਸਾਦਿ ਇਨ ਹੀ ਕ੍ਰਿਪਾ ਫੁਨ ਧਾਮ ਭਰੇ ॥
ਇਨ ਹੀ ਕੇ ਪ੍ਰਸਾਦਿ ਸੁ ਬਿਦਿਆ ਲਈ ਇਨ ਹੀ ਕੀ ਕ੍ਰਿਪਾ ਸਭ ਸਤ੍ਰ ਮਰੇ ॥
ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀਂ ਮੋ ਸੋ ਗਰੀਬ ਕਰੋਰ ਪਰੇ ॥

ਸੰਗਤ ਅਥਵਾ ਜਨ-ਸਮੂਹ ਨੂੰ ਸਿਰਫ ਸ਼ਕਤੀ ਦਾ ਸੋਮਾ ਹੀ ਨਹੀਂ ਕਰਾਰ ਦਿੱਤਾ, ਸਗੋਂ ਸਿਆਸੀ ਪ੍ਰਭੁਤਾ, ਭਾਵ ਖਾਲਸਾ-ਪਦ ਵੀ ਪ੍ਰਦਾਨ ਕੀਤਾ।

ਗੁਰ ਸੰਗਤ ਕੀਨੀ ਖਾਲਸਾ ਮਨਮੁਖੀ ਦੁਹੇਲਾ॥ ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ॥

ਗੁਰੂ ਗੋਬਿੰਦ ਸਿੰਘ ਜੀ ਦੇ ਚਿਤਵੇ ਤੰਤ੍ਰ ਵਿੱਚ ਗੁਰਮੁਖ ਤੇ ਮਨਮੁਖ ਦੇ ਰੂਹਾਨੀ ਵਿਕਾਸ ਦਾ ਅੰਤਰ ਤਾਂ ਹੈ ਪਰ ਕਾਫ਼ਰ ਤੇ ਮੋਮਨ ਦਾ ਸਿਆਸੀ ਫ਼ਰਕ ਜਾਂ ਸੂਦਰ ਤੇ ਬ੍ਰਾਹਮਣ ਦਾ ਸਮਾਜੀ ਵਿਤਕਰਾ ਬਿਲਕੁਲ ਨਹੀਂ।

ਕਲਜੁਗ ਵਿਚ ਸਤਜੁਗੀ ਅਵੱਸਥਾ ਪੈਦਾ ਕਰਨ ਲਈ, ਨਵਾਂ ਮਨੁੱਖ, ਨਵਾਂ ਸਮਾਜ ਤੇ ਨਵਾਂ ਸੰਸਾਰ ਹੋਂਦ ਵਿਚ ਲਿਆਉਣ ਲਈ ਇਕ ਸ਼ਕਤੀਸ਼ਾਲੀ ਸਾਧਨ ਦੀ ਲੋੜ ਸੀ। ਇਹ ਸਾਧਨ ਗੁਰੂ ਗੋਬਿੰਦ ਸਿੰਘ ਜੀ ਦੇ ਸਿਰਜੇ ਖਾਲਸੇ ਦੇ ਰੂਪ ਵਿਚ ਪ੍ਰਗਟ ਹੋਇਆ। ਇਸ ਸਾਧਨ ਪਿਛੇ ਇਤਿਹਾਸਕ ਗਤੀ ਦਾ ਤਰਕ ਵਿਚਰ ਰਿਹਾ ਹੈ, ਜਿਸ ਨੂੰ ਅਧਿਆਤਮਕ ਮੁਹਾਵਰੇ ਵਿਚ 'ਅਕਾਲ ਪੁਰਖ ਦੀ ਫੌਜ' ਤੇ "ਪ੍ਰਮਾਤਮ ਦੀ ਮੌਜ" ਕਿਹਾ ਗਿਆ ਹੈ।

ਗੁਰੂ ਸਾਹਿਬ ਨੇ ਜਿਥੇ ਇਕ ਪਾਸੇ ਆਦਿ ਗ੍ਰੰਥ ਸਾਹਿਬ ਨੂੰ ਪੀਰੀ ਸੌਂਪ ਕੇ, ਇਸ ਮਹਾਨ ਪਾਵਨ ਗ੍ਰੰਥ ਨੂੰ ਗੁਰੂ ਗ੍ਰੰਥ ਦਾ ਰੁਤਬਾ ਦਿੱਤਾ ਤੇ ਇਉਂ ਸਦਾ ਸਦਾ ਲਈ ਦੇਹ-ਧਾਰੀ ਗੁਰੂ ਦੀ ਪਰੰਪਰਾ ਸਮਾਪਤ ਕੀਤੀ, ਉਥੇ ਦੂਜੇ ਪਾਸੇ 'ਮੀਰੀ' ਪੰਥ ਨੂੰ ਪ੍ਰਦਾਨ ਕਰ ਕੇ ਇਸ ਨੂੰ ਖਾਲਸਾ-ਪੰਥ ਦਾ ਦਰਜਾ ਬਖਸ਼ਿਆ, ਯਾਨੀ ਅਜਿਹਾ ਪੰਥ ਜੋ ਦੁਨਿਆਵੀ ਪ੍ਰਭੁਤਾ ਦਾ ਹੱਕਦਾਰ ਤੇ ਦਾਅਵੇਦਾਰ ਹੈ। ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਖਾਲਸੇ ਨੂੰ ਦਿੱਤੇ ਵਚਨ ਤੇ ਵਰਦਾਨ ਨੂੰ ਭੰਗੂ ਰਤਨ ਸਿੰਘ ਨੇ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਇਉਂ ਬਿਆਨ ਕੀਤਾ ਹੈ :

ਹਮ ਰਾਖਤ ਪਾਤਸ਼ਾਹੀ ਦਾਵਾ। ਜਾਂ ਇਤ ਕੋ ਜਾਂ ਅਗਲੋ ਪਾਵਾ।
ਸਰਵ ਧਰਮ ਔ ਧਵਲ ਡੁਲਾਇ। ਸਤਿਗੁਰ ਬਚਨੁ ਨਾ ਖਾਲੀ ਜਾਇ।
ਪਤਿਸ਼ਾਹੀ ਛੱਡ ਕਿਮ ਲਹੇ ਨਵਾਬੀ। ਪਰਾਧੀਨ ਜਿਹ ਮਾਹਿ ਖਰਾਬੀ।

ਇਸ ਦਾਅਵੇ ਪਿਛੇ ਇਹ ਰਹੱਸ ਵਿਚਰ ਰਿਹਾ ਹੈ ਕਿ ਗੁਰੂ ਗੋਬਿੰਦ ਸਿੰਘ ਦੀ ਖਾਲਸਾ-ਰਚਨਾ ਜਾਗਤ ਜੋਤਿ ਦੇ ਇਤਿਹਾਸ ਵਿਚ ਪ੍ਰਵੇਸ਼ ਤੇ ਪ੍ਰਕਾਸ਼ ਦਾ ਪ੍ਰਤੀਕ ਹੈ :

ਜਾਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਜੋਤਿ ਜਗੈ ਘਟ ਮੈਂ ਤਬ ਖਾਲਸਾ ਤਾਹਿ ਨਖਾਲਸ ਜਾਨੈ ॥

ਵਿਸ਼ਵ ਦੇ ਇਤਿਹਾਸ ਵਿਚ ਖਾਲਸਾ ਅਜਿਹਾ ਰੋਲ ਤਾਂ ਹੀ ਅਦਾ ਕਰ ਸਕਦਾ ਹੈ ਜੇ ਉਹ ਦਸਵੇਂ ਪਾਤਸ਼ਾਹ ਦੀ ਲਾਈ ਸ਼ਰਤ ਤੇ ਪੂਰਾ ਉਤਰੇ, ਭਾਵ, ਆਪਣਾ ਸਰਬ-ਪੱਖੀ ਨਿਆਰਾਪਣ ਕਾਇਮ ਰਖੇ।

ਜਬ ਲਗ ਖਾਲਸਾ ਰਹੇ ਨਿਆਰਾ ॥ ਤਬ ਲਗ ਤੇਜ ਦੀਓ ਮੈਂ ਸਾਰਾ ॥
ਜਬ ਇਹ ਗਹੈ ਬਿਪਰਨ ਕੀ ਰੀਤ ॥ ਮੈ ਨ ਕਰੋਂ ਇਨ ਕੀ ਪ੍ਰਤੀਤ ॥



www.AKJ.Org

# ਨਿਰਭਉ ਖ਼ਾਲਸਾ

[ਵਲੋਂ :—ਗਿਆਨੀ ਗੋਪਾਲ ਸਿੰਘ ਜੀ ਮਿੱਤਰ ਮਾਲਬ ਗੁੜਗਾਉ]

'ਖਾਲਸਾ' ਸ਼ਬਦ ਦਾ ਪ੍ਰਚਲਤ ਅਰਥ ਹੈ ਖਾਲਸ, ਖੋਟ ਰਹਿਤ, ਸ਼ੁੱਧ ਬਾਰ੍ਹਾਂ ਵੰਨੀ ਸੋਨਾ। ਜਿਵੇਂ ਖਰੇ ਸੋਨੇ ਵਿਚ ਸ਼ੱਕ ਨਹੀਂ ਕੀਤਾ ਜਾ ਸਕਦਾ ਕਿ ਇਸ ਵਿਚ ਖੋਟ ਹੈ ਤਿਵੇਂ ਖ਼ਾਲਸਾ ਵੀ ਉਹ ਬਾਰ੍ਹਾਂ-ਵੰਨੀ ਸੋਨਾ ਹੈ, ਜਿਸ ਵਿਚ ਮਿਲਾਵਟ ਦਾ ਭੈ ਨਹੀਂ, ਭਾਵ ਖਾਲਸਾ ਭੈ-ਰਹਿਤ ਨਿਰਭਉ ਹੈ। ਕਿਉਂਕਿ ਇਹ ਨਿਰਭਉ ਯੋਧੇ ਦਾ ਸਾਜਿਆ ਹੋਇਆ ਹੈ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਰੀ ਪ੍ਰਕਿਰਤੀ 'ਨਿਰਭਉ ਨਿਰੰਕਾਰ' ਦੇ ਭੈ ਵਿਚ ਵਿਚਰ ਰਹੀ ਦਰਸਾਈ ਹੈ :—ਭੈ ਵਿਚਿ ਪਵਣ ਵਹੈ ਸਦਵਾਉ ॥ ਭੈ ਵਿਚਿ ਚਲਹਿ ਲਖ ਦਰੀਆਉ ॥......

ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥......

ਮਨੁੱਖ ਵੀ ਏਸੇ ਪ੍ਰਕਿਰਤੀ ਦਾ ਇਕ ਅਨਿਖੜਵਾਂ ਭਾਗ ਹੈ। ਜੇਕਰ ਇਹ ਪ੍ਰਭੂ ਦੇ ਭੈ ਵਿਚ ਰਹੇ ਤਾਂ ਇਹ ਸੰਸਾਰੀ ਭਉ ਤੋਂ ਨਿਰਭੈ ਹੈ ਤੇ ਜੇਕਰ ਇਹ ਸੰਸਾਰੀ ਭੈ ਵਿਚ ਆ ਗਿਆ ਤਾਂ ਗੁਰਬਾਣੀ ਦੇ ਇਸ ਵਾਕ ਅਨੁਸਾਰ ਨਿਰਜਿੰਦ, ਮੁਰਦਾ ਹੈ :—ਜਿਨ ਕਉ ਅੰਦਰਿ ਗਿਆਨੁ ਨਹੀ, ਭੈ ਕੀ ਨਾਹੀ ਬਿੰਦ ॥

ਨਾਨਕ ਮੁਇਆ ਕਾ ਕਿਆ ਮਾਰਣਾ ਜਿ ਆਪਿ ਮਾਰੇ ਗੋਵਿੰਦ ॥੧॥ (੧੩) ਪੰਨਾ ੧੦੯੩

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਸਮੇਂ ਸਾਰੀ ਮਨੁੱਖ ਜਾਤੀ ਵਿਚੋਂ ਪ੍ਰਭੂ ਦਾ ਭੈ ਨਿਕਲ ਚੁਕਾ ਸੀ। ਰਾਜੇ ਸ਼ੀਂਹ ਬਣ ਕੇ ਪਰਜਾ ਦਾ ਮਾਸ ਨੋਚ ਨੋਚ ਕੇ ਖਾ ਰਹੇ ਸਨ। ਮੁਕੱਦਮ (ਨੌਕਰ ਸ਼ਾਹੀ) ਕੁੱਤਿਆਂ ਵਾਂਗ ਵਿਚਰਦੇ ਸਨ, ਜਿਸ ਨੂੰ ਪੈ ਗਏ, ਲਹੂ-ਲੁਹਾਨ ਕਰ ਸੁਟਿਆ ਤੇ ਖੂਨ ਪੀ ਲਿਆ। ਸਾਹਸ ਹੀਣ ਜਨਤਾ ਇਨ੍ਹਾਂ ਦੇ ਬਲ ਪ੍ਰਾਕ੍ਰਮ ਹੇਠ ਦੱਬੀ ਚੂੰ ਨਹੀਂ ਸੀ ਕਰ ਸਕਦੀ, ਕਿਉਂਕਿ ਉਹ ਨਿਰਭੈ ਨਹੀਂ ਸੀ। ਕੋਈ ਨਿਰਭੈ ਸ਼ਕਤੀਵਾਨ ਸੂਰਮਾ ਮਨੁੱਖ ਹੀ ਐਸੀ ਦਸ਼ਾ ਦੇ ਟਾਕਰੇ ਤੇ ਸਨਮੁਖ ਹੋ ਕੇ ਠਲ੍ਹ ਪਾ ਸਕਣ ਦੇ ਯੋਗ ਹੁੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਿਡਰਤਾ ਨਾਲ ਬਾਬਰ ਜਾਬਰ ਦੇ ਮੂੰਹ ਤੇ "ਪਾਪ ਕੀ ਜੰਞ ਲੈ ਕਾਬਲਹੁ ਧਾਇਆ"* ਕਹਿਣ ਦੀ ਦਲੇਰੀ ਕੀਤੀ ਤੇ ਐਸੇ ਹੀ ਦਲੇਰ ਤੇ ਨਿਧੜਕ ਨਿਰਮਲ ਪੰਥ ਦੀ ਨੀਂਹ ਰੱਖੀ—'ਮਾਰਿਆ ਸਿੱਕਾ ਜਗਤ ਵਿਚਿ ਨਾਨਕ ਨਿਰਮਲ ਪੰਥ ਚਲਾਇਆ।†

ਨਿਰਭੈ ਹੁੰਦਿਆਂ ਹੋਇਆਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਹਿਮਾਯੂੰ ਨੂੰ ਵੰਗਾਰਿਆ ਸੀ ਕਿ ਸ਼ੇਰ ਸ਼ਾਹ ਸੂਰੀ ਦੇ ਟਾਕਰੇ ਸਮੇਂ ਤੇਰੀ ਇਹ ਤਲਵਾਰ ਕਿੱਥੇ ਗਈ ਸੀ ਜੋ ਫਕੀਰਾਂ ਤੇ ਉਠਾ ਰਿਹਾ ਹੈਂ।

ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਜਹਾਂਗੀਰ ਦੇ ਹੁਕਮ ਨੂੰ, 'ਦੋ ਲਖ ਤਾਵਾਨ ਖ਼ਜ਼ਾਨੇ ਜਮ੍ਹਾਂ ਕਰੋ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਇਸਲਾਮ ਦੀ ਉਪਮਾ ਦਰਜ ਕਰੋ', ਠੁਕਰਾ ਦੇਣਾ ਤੇ ਸਰੀਰ ਦੀ ਆਹੂਤੀ ਪਾ ਦੇਣੀ ਨਿਰਭਉ ਹੋਣ ਦੀ ਮੂੰਹ-ਬੋਲਦੀ ਤਸਵੀਰ ਹੈ।

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦਾ ਮੀਰੀ ਮੀਰੀ ਦੀਆਂ ਤਲਵਾਰਾਂ ਬੰਨ੍ਹ ਕੇ ਸਮਰਾਟ ਸ਼ਾਹ ਜਹਾਨ ਨਾਲ ਮੱਥਾ ਲਾਉਣਾ ਨਿਰਭੈਤਾ ਦਾ ਜੀਂਦਾ ਜਾਗਦਾ ਸਬੂਤ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਫੁਰਮਾਨ "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ" ਦੇ ਆਦਰਸ਼ ਤੇ ਧਰਮ ਲਈ ਆਪਾ ਬਲੀ ਦਾਨ ਕਰ ਦੇਣਾ ਤਾਂ ਨਿਰਭੈਤਾ ਮਾਰਗ ਦਾ ਇਕ ਲੰਬਾ ਮੀਲ-ਪੱਥਰ ਹੈ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤਕ ਭਾਵੇਂ ਨੌਂ ਗੁਰ-ਜੋਤਾਂ ਤੋਂ ਵਰੋਸਾਏ ਸਿੱਖਾਂ ਸੇਵਕਾਂ ਦੇ ਮਨਾਂ ਚੋਂ ਸੰਸਾਰੀ ਭੈ ਕਾਫੀ ਨਿਕਲ ਚੁਕਾ ਸੀ, ਪਰ ਕੁਝ ਅੰਸ਼ ਅਜੇ ਮੌਜੂਦ ਸੀ।

ਇਹ ਦਸ਼ਾ ਤਾਂ ਗੁਰੂ ਸੰਪਰਕ ਵਿਚ ਆਣ ਵਾਲੇ ਸਿੱਖਾਂ ਦੀ ਸੀ, ਪਰ ਆਮ ਹਿੰਦੂ ਜਾਤੀ ਬੁਰੀ ਤਰ੍ਹਾਂ

*ਤਿਲੰਗ ਮਃ ੧, ਪੰਨਾ ੭੨੨, †ਭਾਈ ਗੁਰਦਾਸ ਜੀ ਵਾਰ ੧, ਪਉੜੀ ੪੫



www.AKJ.Org

ਮਾਰਾਂ ਖਾ ਕੇ ਬੇ-ਜਾਨ ਹੋਈ ਦਿਸਦੀ ਸੀ । ਮਾਪਿਆਂ ਦੇ ਸਾਹਮਣੇ ਹੀ ਜਰਵਾਣੇ ਧੀਆਂ ਭੈਣਾਂ ਦੀ ਇੱਜ਼ਤ ਤੇ ਪੱਤ ਲੁੱਟ ਲੈ ਜਾਂਦੇ ਸਨ, ਪਰ ਕੁਸਕਦਾ ਕੋਈ ਨਹੀਂ ਸੀ । ਬਾਈਧਾਰ ਦੇ ਹਿੰਦੂ ਰਾਜੇ ਮੁਗਲਾਂ ਦੇ ਦਬੇਲ ਹੋ ਕੇ ਹੀ ਰਹਿ ਰਹੇ ਸਨ । ਉਨ੍ਹਾਂ ਦੀ ਨੀਤੀ ਵਿਚ ਦੋਗਲਾ-ਪਨ ਸੀ। ਉਨ੍ਹਾਂ ਦੀ ਸ਼ਖਸੀਅਤ ਡਾ: ਬਲਬੀਰ ਸਿੰਘ ਜੀ ਦੇ ਕਹਿਣ ਅਨੁਸਾਰ ਰਿੱਛ ਤੇ ਗਿੱਦੜ ਵਾਲੀ ਸੀ । ਰਿੱਛ ਵਾਂਗੂ ਉਹ ਰਾਜ-ਸਤਾ ਨੂੰ ਜੱਫਾ ਮਾਰੀ ਬੈਠੇ ਸਨ ਤੇ ਸਮੇਂ ਦੇ ਕਲੰਦਰ ਰੂਪ ਬਾਦਸ਼ਾਹ ਔਰੰਗਜ਼ੇਬ ਦੀਆਂ ਫੌਜਾਂ ਨਾਲ ਚੜ੍ਹ ਕੇ ਅਕਾਰਣ ਹੀ ਸਤਿਗੁਰੂ ਜੀ ਨਾਲ ਲੜਾਈ ਸਹੇੜ ਲੈਂਦੇ ਸਨ, ਪਰ ਜਦੋਂ ਇਨ੍ਹਾਂ ਰਾਜਿਆਂ ਦੇ ਆਪਣੇ ਸਿਰ ਤੇ ਬਣ ਜਾਂਦੀ ਸੀ ਤਾਂ ਗਿੱਦੜ ਵਾਂਗੂ ਭਜ ਕੇ ਗੁਰੂ-ਸ਼ਰਨ ਵਿਚ ਆ ਜਾਂਦੇ ਸਨ ।

ਦਸਮੇਸ਼ ਪਾਤਸ਼ਾਹ ਨੇ ਪਿਤਾ ਗੁਰੂ ਦੇ ਫੁਰਮਾਨ ਅਨੁਸਾਰ ਸੰਸਾਰ ਨੂੰ ਨਿਰਭੈਤਾ ਦਾ ਸੰਦੇਸ਼ ਦੇਣਾ ਸੀ, ਏਸੇ ਲਈ ਹੀ ਆਪ ਜੀ ਨੇ ੧੬੯੯ ਵਾਲੀ ਵੈਸਾਖੀ ਦੇ ਦਿਨ ਦਰਬਾਰ ਲਗਾ ਕੇ ਨਿਰਭੈਤਾ ਦੀ ਕਸਵਟੀ ਤੇ ਪਰਖਣ ਲਈ ਪੰਜ ਵੇਰੀ ਪੰਜ ਸਿਰਾਂ ਦੀ ਮੰਗ ਕੀਤੀ ਤੇ ਪੰਜਾਂ ਨੂੰ ਹੀ ਨਿਤਾਰ ਕੇ ਉਨ੍ਹਾਂ ਨੂੰ ਵਖਰੇ ਤੰਬੂ ਵਿਚ ਲਿਜਾ ਕੇ ਅੰਮ੍ਰਿਤ ਛਕਾ ਕੇ ਨਵਾਂ ਜਨਮ ਦਿਤ:--ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ॥ (੯੪੦)

ਅਤੇ ਇਉਂ ਨਿਰਭਉ ਖਾਲਸਾ ਸਾਜ ਕੇ ਇਕ ਨਵੀਂ ਸੂਰਬੀਰ ਸੰਤ-ਸਿਪਾਹੀ ਕੌਮ ਪੈਦਾ ਕਰ ਦਿੱਤੀ ।

## ਅੰਮ੍ਰਿਤ ਛਕ ਕੇ ਜਨਮ ਸਫਲਾ ਕਰ

ਕਲਗੀ ਵਾਲੇ ਪਾਤਸ਼ਾਹ ਦੇ ਸੋਹਣੇ ਰੂਪ ਜਲਾਲੀ ਸਿੱਖਾ !
ਸਾਬਤ ਸੂਰਤ ਚੇਹਰੇ ਮੋਹਰੇ ਵਾਲੇ ਰੂਪ ਅਕਾਲੀ ਸਿੱਖਾ !
ਰੱਬੀ ਸੂਰਤ ਦੇ ਕੇ ਤੈਨੂੰ ਉਸ ਸੰਤ ਸਿਪਾਹੀ ਬੀਰ ਬਣਾਇਐ ।
ਸਿੰਘ ਬਾਣੇ ਦੀ ਬਖਸ਼ਸ਼ ਕਰ ਕੇ ਤੈਨੂੰ ਚੰਦ ਤੋਂ ਵਧ ਰੁਸ਼ਨਾਇਐ ।
ਤੇਰਾ ਨਾਮ ਖ਼ਾਲਸਾ ਰਖ ਕੇ ਖ਼ਾਲਸ ਸਦ ਗੁਣ ਧਾਰਨੀ ਕਰ ਕੇ,
ਖੰਡੇ ਦੀ ਪਾਹੁਲ ਕਰ ਬਖਸ਼ਸ਼ ਸ਼ੇਰ ਬਣਾਇਐ ਬੀਰਤਾ ਭਰ ਕੇ ।
"ਸਤਿਗੁਰ ਪੂਰਾ*" ਕਹਿ ਕੇ ਤੈਨੂੰ ਪ੍ਰੀਤਮ ਨੇ ਜਗ ਵਿਚ ਵਡਿਆਇਐ ।
†ਤਨ ਮਨ ਅਤੇ ਧਨ ਭੀ ਤੇਰਾ ਸੀਸ ਭੀ ਤੇਰਾ ਮੁਖੋਂ ਅਲਾਇਐ ।
ਤੈਨੂੰ ਸਭ ਕੁਝ ਸੌਂਪ ਕੇ ਉਸ ਨੇ ਆਪਣੀ ਝੋਲੀ ਵਿਚ ਬਿਠਾ ਕੇ,
ਮਿਹਰ-ਨਦਰ ਦਾ ਪਾਤਰ ਕੀਤੈ (ਗੁਰੂ) ਗੋਬਿੰਦ ਸਿੰਘ ਪਿਤਾ ਅਖਵਾ ਕੇ ।
ਕੀ ਤੂੰ ਉਸ ਦੀ ਆਗਿਆ ਅੰਦਰ ਤੁਰਨ ਲਈ ਕੀਤੀ ਏ ਤਿਆਰੀ ?
ਸੀਸ ਤੇਰੇ ਤੇ ਮੁਹਰ ਅਨੂਪਮ ਤੇਰੀ ਸ਼ਕਲ ਜਗ ਤੋਂ ਨਿਆਰੀ ।
ਕੰਘਾ, ਕੜਾ, ਕਿਰਪਾਨ, ਕਛਹਿਰਾ, ਕੇਸਕੀ ਕੀ ਤੂੰ ਹਨ ਅਪਣਾਏ ?
ਲੈ ਕੇ ਪਾਹੁਲ ਖੰਡੇ ਦੀ ਤੂੰ, ਗੁਰ-ਹੁਕਮਾਂ ਤੇ ਫੁੱਲ ਚੜ੍ਹਾਏ ?
ਜੇਕਰ ਨਹੀਂ ਤਾਂ ਦਸ ਢਿਲ ਕਾਹਦੀ, ਹੁਣ ਤਕ ਵੀ ਨਿਗੁਰਾ ਕਿਉਂ ਫਿਰਨੈਂ ?
ਪਿਠ ਦੇ ਕੇ ਸਤਿਗੁਰ ਨੂੰ ਕਿਉਂ ਤੂੰ, ਨਿਯਮਾਂ ਤੋਂ ਆਜ਼ਾਦ ਵਿਚਰਨੈ ?
ਲਾਲ ਗੁਰੂ ਦੇ, ਢਿੱਲਾ ਨਾ ਰਹੁ, ਤਕ ਨੇੜੇ ਆ ਗਈ ਵਿਸਾਖੀ ।
ਅੰਮ੍ਰਿਤ ਛਕ ਕੇ ਜਨਮ ਸਫਲ ਕਰ, ਮੰਨ ਲੈ 'ਮਿੱਤਰ' ਦੀ ਗੱਲ ਆਖੀ ।

---

*ਖਾਲਸਾ ਮੇਰੋ ਸਤਿਗੁਰ ਪੂਰਾ । (ਸਰਬ ਲੋਹ ਗ੍ਰੰਥ)

†ਮੋ ਗ੍ਰਿਹ ਮੈ ਤਨ ਤੇ ਮਨ ਤੇ ਧਨ ਤੇ ਸਿਰ ਲਉ ਸਭ ਹੈ ਇਨ ਹੀ ਕੋ । [ਗਿਆਨ ਪ੍ਰਬੋਧ, ਪਾ: ੧੦



www.AKJ.Org

# ਅਬਦਾਲੀ, ਸਿੱਖ ਤੇ ਵੱਡਾ ਘਲੂਘਾਰਾ (੨੦)

[ਕੈਪਟਿਨ ਸਵਰਨ ਸਿੰਘ ਜੀ, ਘੜਿਆਲਾ]

## ਰਾਮਗੜ੍ਹੀਏ ਤੇ ਕਨ੍ਹਈਆ ਸਰਦਾਰ ਉੱਤਮ ਪੂਰਬ ਨੂੰ :—

ਤਰੁਣਾ ਦਲ ਦੀਆਂ ਇਨ੍ਹਾਂ ਦੋ ਮਿਸਲਾਂ ਦੇ ਸਰਦਾਰਾਂ ਨੇ ਲਾਹੌਰੋਂ ਹਟ ਕੇ ਉੱਤਰ ਪੂਰਬ ਵੱਲ ਰੁਖ਼ ਕੀਤਾ। ਇਨ੍ਹਾਂ ਦੋਹਾਂ ਮਿਸਲਾਂ ਦੀ ਆਪੋ ਵਿਚ ਬੜੀ ਪੀਚ ਸੀ। ਸ: ਜੱਸਾ ਸਿੰਘ ਰਾਮਗੜ੍ਹੀਆ ਨੇ ਲਾਹੌਰ ਉਤੇ ਤਰੁਣਾ ਦਲ ਦੀ ਚੜ੍ਹਾਈ ਤੋਂ ਪਹਿਲਾਂ ਹੀ ਖ਼ਵਾਜਾ ਉਬੇਦ ਖਾਨ ਦਾ ਕਲਾਨੌਰ (ਇਹ ਅਹਿਦਸ਼ਾਹ ਦਾ ਅਫਗਾਨ ਗਵਰਨਰ ਸੀ) ਮਾਰ ਲਿਆ। ਇਨ੍ਹਾਂ ਦਾ ਦਬੱਲਿਆ ਹੋਇਆ ਹੀ ਉਬੇਦ ਖ਼ਾਨ ਲਾਹੌਰ ਕਾਬਲੀ ਮੱਲ ਪਾਸ ਆਇਆ ਹੋਇਆ ਸੀ, ਜਦ ਉਹ ਲਾਹੌਰ ਉਤੇ ਤਰੁਣਾ ਦਲ ਦੇ ਹਮਲੇ ਵੇਲੇ ਇਨ੍ਹਾਂ ਮਿਸਲਾਂ ਦਿਆਂ ਸਰਦਾਰਾਂ ਨਾਲ ਲੜਦਾ ਹੋਇਆ ਲਾਹੌਰੋਂ ਬਾਹਰ ਹੀ ਮਾਰਿਆ ਗਿਆ ਸੀ। ਇਸ ਤੋਂ ਪਿਛੋਂ ਬਟਾਲਾ ਮਾਰਿਆ ਗਿਆ। ਸ: ਜੱਸਾ ਸਿੰਘ ਨੇ ਰਾਮ ਰਾਉਣੀ ਦੀ ਮੁਰੰਮਤ ਵੀ ਕਰਵਾਈ ਤੇ ਉਸ ਨੂੰ ਅੱਗੇ ਨਾਲੋਂ ਮਜ਼ਬੂਤ ਬਣਾ ਦਿੱਤਾ। ਇਕ ਬਾਜ਼ਾਰ ਵੀ ਬਣਵਾਇਆ। ਆਦੀਨਾ ਨਗਰ ਤੇ ਪਠਾਨਕੋਟ ਵੀ ਕਾਬੂ ਕਰ ਲਏ। ਫਿਰ ਸ੍ਰੀ ਹਰਿਗੋਬਿੰਦਪੁਰਾ, ਘੁਮਾਣ,ਕਾਦੀਆਂ ਤੇ ਸ਼ਾਹਪੁਰ ਕੰਡੀ ਲੈ ਲਏ। ਘੁਮੰਡ ਚੰਦ ਕਟੋਚੀਆ ਤੇ ਉਸ ਦੇ ਹੋਰ ਸੰਗੀ-ਸਾਥੀ ਛੋਟੇ ਛੋਟੇ ਪਹਾੜੀ ਰਾਜੇ, ਜੋ ਅਹਿਮਦ ਸ਼ਾਹ ਦੇ ਅਨੁਸਾਰੀ ਸਨ, ਸਮੇਂ ਦਾ ਰੁਖ਼ ਵੇਖ ਕੇ ਝਟ ਰਾਮਗੜ੍ਹੀਏ ਸਰਦਾਰ ਦੀ ਈਨ ਮੰਨ ਗਏ। ਇੰਜ ਕਲਾਨੌਰ, ਬਟਾਲਾ, ਆਦੀਨਾ ਨਗਰ ਤੇ ਪਠਾਣਕੋਟ ਦਾ ਇਲਾਕਾ ਤੇ ਬਿਆਸ ਅਤੇ ਸਤਲੁਜ ਦਾ ਵਿਚਕਾਰਲਾ ਇਲਾਕਾ, ਭਾਵ, ਹੁਣ ਵਾਲਾ ਸਾਰਾ ਹੁਸ਼ਿਆਰਪੁਰ ਪਹਾੜ ਦਿਆਂ ਪੈਰਾਂ ਤਕ ਸ: ਜੱਸਾ ਸਿੰਘ ਦੀ ਸਰਦਾਰੀ ਥਲ੍ਹੇ ਆ ਗਿਆ।

ਦੂਜੇ ਪਾਸੇ ਸ: ਜੈ ਸਿੰਘ ਕਨ੍ਹਈਆ ਨੇ ਸਰਹੰਦੋਂ ਹਟ ਕੇ ਪਹਾੜ ਦੇ ਪੈਰਾਂ ਵਿਚ ਗਰੋਟੇ ਉਤੇ ਹੱਲਾ ਕੀਤਾ। ਬੜੀ ਸਖਤ ਲੜਾਈ ਪਿਛੋਂ ਇਥੋਂ ਦੇ ਹਾਕਮ ਈਜ਼ਾਦ ਬਖਸ਼ ਨੂੰ ਹਰਾ ਕੇ ਆਪਣੇ ਮਾਤਹਿਤ ਕਰ ਲਿਆ। ਫਿਰ ਹਾਜੀਪੁਰ ਉਤੇ ਚੜ੍ਹਾਈ ਕੀਤੀ ਤੇ ਇਸ ਨੂੰ ਵੀ ਮਾਰ ਕੇ ਆਪਣੀ ਮੇਰ ਵਿਚ ਰਲਾ ਲਿਆ। ਨੂਰਪੁਰ, ਦਾਤਾਰਪੁਰ ਤੇ ਸਾਇਪਾਹ (ਸੈਫ਼ਾ) ਦੇ ਪਹਾੜੀ ਸਰਦਾਰਾਂ ਇਸ ਦੀ ਝਾਲ ਨਾ ਝਲਦੇ ਹੋਏ ਸਹਿਜੇ ਹੀ ਈਨ ਮੰਨ ਲਈ ਤੇ ਕਰ ਦੇਣਾ ਮੰਨ ਗਏ। ਮੁਕੇਰੀਆਂ ਦਾ ਅੜਿਕਾ ਕੱਢਣ ਲਈ ਜਦ ਜੈ ਸਿੰਘ ਨੇ ਇਸ ਤੇ ਹਮਲਾ ਕੀਤਾ ਤਾਂ ਏਥੋਂ ਦਿਆਂ ਅਵਾਨ ਮੁਸਲਮਾਨਾਂ ਨੇ ਬੜੀ ਬਹਾਦਰੀ ਨਾਲ ਟਾਕਰਾ ਕੀਤਾ। ਪਰ ਅਵਾਨ ਜ਼ਿਆਦਾ ਦੇਰ ਤਕ ਨਾ ਅੜ ਸਕੇ, ਬੜੀ ਵੱਡੀ ਗਿਣਤੀ ਵਿਚ ਮਾਰੇ ਗਏ ਤੇ ਮੈਦਾਨ ਜੈ ਸਿੰਘ ਦੇ ਹੱਥ ਰਿਹਾ। ਸਾਰਾ ਸ਼ਹਿਰ ਬੁਰੀ ਤਰ੍ਹਾਂ ਲੁਟਿਆ ਗਿਆ। ਕਾਫੀ ਵੱਡੀ ਤਾਦਾਦ ਵਿਚ ਵਸਨੀਕ ਵੀ ਮਾਰੇ-ਗਏ। ਅਵਾਨਾ ਨੇ ਸ: ਜੈ ਸਿੰਘ ਦੀ ਸਰਦਾਰੀ ਕਬੂਲ ਕਰ ਲਈ ਤੇ ਖਲਾਸੀ ਪਾਈ।*

[ਯਾਦ ਰਹੇ ਕਿ ਜੈ ਸਿੰਘ ਆਪਣੇ ਸਮੇਂ ਦਾ ਇਕ ਚੰਗਾ ਜੰਗੀ ਮਾਹਿਰ ਸੀ। ਕਾਂਗੜੇ ਦਾ ਕਿਲ੍ਹਾ ਜੋ ਕਿ ਇਕ ਬੜਾ ਮਜ਼ਬੂਤ ਕਿਲ੍ਹਾ ਹੈ ਤੇ ਜਿਸ ਨੇ ਮਹਿਮੂਦ ਵਰਗੇ ਜਰਨੈਲਾਂ ਦੇ ਦੰਦ ਖੱਟੇ ਕਰ ਛਡੇ ਸਨ ਅਤੇ ਇਸ ਨੂੰ ਅਜਿਤ ਸਮਝਿਆਂ ਸੀ, ਜੈ ਸਿੰਘ ਨੇ ਦਿੱਲੀ ਦਰਬਾਰ ਵਲੋਂ ਨਿਯੁਕਤ ਕਿਲ੍ਹਦਾਰ ਨਵਾਬ ਸੈਫ ਅਲੀ ਖਾਨ ਤੋਂ ਸੰਸਾਰ ਚੰਦ ਪੁਤਰ ਰਾਜਾ ਘੁਮੰਡ ਚੰਦ ਕਟੋਚ ਦੀ ਬੇਨਤੀ ਤੇ ਹਮਲਾ ਕਰ ਕੇ, ਖੋਹ ਕੇ ਕਨੱਈਆ ਮਿਸਲ ਦੇ ਅਧੀਨ ਕਰ ਲਿਆ ਸੀ। ਹੁਣ ਇਸ ਕਿਲ੍ਹੇ ਦਾ ਕਾਫ਼ੀ ਵੱਡਾ ਹਿੱਸਾ ਇਕ ਭੁਚਾਲ ਦੇ ਕਾਰਨ ਖੰਡਰ ਹੋ ਚੁਕਿਆ ਹੈ। ਇਸ ਹਾਲਤ ਵਿਚ ਵੀ ਵੇਖਣ ਵਾਲੇ ਦੀ ਅਕਲ ਦੰਗ ਰਹਿ ਜਾਂਦੀ ਹੈ ਕਿ ਇਸ ਦੀ ਬਣਨ ਵਿਚ ਕਿੰਨੀ ਮੇਹਨਤ ਤੇ ਕਿੰਨਾ ਸਮਾਂ ਲੱਗਾ ਹੋਵੇਗਾ ਤੇ ਇਸਨੂੰ ਜਿਤਣ ਵਾਲੇ ਨੇ ਕਿੰਨੀ ਤਾਕਤ ਲਾਈ ਹੋਵੇਗੀ।]

*ਸਰ ਮੁਹੰਮਦ ਲਤੀਫ—ਹਿਸਟਰੀ ਆਫ਼ ਦੀ ਪੰਜਾਬ, ਪੰਨਾ ੩੦੯



www.AKJ.Org

# ਅਹਿਮਦ ਸ਼ਾਹ ਦਾ ਸਤਵਾਂ ਹੱਲਾ

ਪਾਨੀਪੱਤ ਦੀ ਤੀਜੀ ਲੜਾਈ ਦੀ ਜਿੱਤ ਪਿਛੋਂ ਅਹਿਮਦ ਸ਼ਾਹ ਦਿੱਲੀ ਦੇ ਤਖਤ ਨੂੰ ਆਪਣਾ ਬਾਜਗੁਜ਼ਾਰ ਤੇ ਪੰਜਾਬ ਨੂੰ ਕੰਧਾਰ ਦੇ ਰਾਜ ਦਾ ਸੂਬਾ ਸਮਝਣਾ ਲਗ ਪਿਆ ਸੀ। ਕੁੱਪ ਰਹੀੜੇ ਦੇ ਮੁਕਾਮ ਤੇ ਜੋ ਖਾਲਸ਼ੇ ਉਤੇ ਉਸ ਨੇ ਸੱਟ ਮਾਰੀ ਸੀ, ਉਸ ਤੋਂ ਇਹ ਮਹਿਸੂਸ ਕਰਦਾ ਸੀ ਕਿ ਪੰਜਾਬ ਵਿਚੋਂ ਬਾਗੀ ਅਨਸਰ ਦਾ ਸਫਾਇਆ ਕਰ ਦਿੱਤਾ ਹੈ, ਇਸ ਤੋਂ ਪਿਛੋਂ ਸਿੱਖ ਕਦੀ ਵੀ ਜਥੇ-ਬੰਦਕ ਤੌਰ ਤੇ ਸਿਰ ਨਹੀਂ ਚੁਕ ਸਕਣਗੇ। ਤੇ ਆਹ ਇੱਕਾ ਦੁੱਕਾ ਕੁਝ ਟੋਲੇ, ਜੋ ਘਲੂਘਾਰੇ ਵੇਲੇ ਵਾਰ ਤੋਂ ਬਚ ਗਏ ਹਨ, ਇਨ੍ਹਾਂ ਦੀ ਕੋਈ ਵੁਕਅਤ ਨਹੀਂ। ਇਹ ਜੰਗਲਾਂ ਬੇਲਿਆਂ ਵਿਚ ਜਾਨਾਂ ਲੁਕਾਉਂਦੇ ਫਿਰਦੇ ਹਨ। ਇਨ੍ਹਾਂ ਤੋਂ ਕੋਈ ਚਿੰਤਾ ਨਹੀਂ, ਜਦ ਵੀ ਕਿਤੇ ਫੁਰਸਤ ਹੋਈ, ਇਨ੍ਹਾਂ ਪਲ ਨਹੀਂ ਕਢਣਾ, ਬਿੰਦ ਵਿਚ ਸਮੇਟ ਦਿਤੇ ਜਾਣਗੇ। ਹਰਾਤ ਤੋਂ ਲੈ ਕੇ ਬ੍ਰਹਮ ਪੁਤਰ ਤਕ ਜਿਸ ਦੇ ਨਾਮ ਦਾ ਦਬਦਬਾ ਸੀ, ਉਹ ਨੱਕ ਉਤੇ ਭਲਾ ਮੱਖੀ ਕਿਵੇਂ ਬਹਿਣ ਦੇਂਦਾ। ਉਸ ਦੀ ਤੇਗ ਨਾਲ ਮਾਰੀ ਹੋਈ ਮਾਰ ਪੰਜਾਬ ਵਿਚ, ਜਿਸ ਨੂੰ ਉਹ ਆਪਣੀ ਨਿਜੀ ਮਾਲਕੀ ਸਮਝਦਾ ਸੀ, ਕੋਈ ਉਚੀ ਸਾਹ ਤੱਕ ਲੈ ਜਾਵੇ, ਜਾਂ ਉਸ ਦੇ ਪ੍ਰਬੰਧ ਵਲ ਕੈਰੀ ਅੱਖ ਨਾਲ ਝਾਕ ਈ ਜਾਵੇ, ਤਾਂ ਅਹਿਮਦ ਸ਼ਾਹ ਇਸ ਨੂੰ ਕਿਵੇਂ ਜਰ ਸਕਦਾ ਸੀ। ਇਹ ਇਕ ਅਨਹੋਣੀ ਗੱਲ ਸੀ।

[ਏਥੇ ਇਹ ਦਸ ਦੇਣਾ ਕੁਥਾਂ ਨਹੀਂ ਹੋਵੇਗਾ ਕਿ ਘਲੂਘਾਰੇ ਦਾ ਵਾਰ ਸਿੱਖਾਂ ਉਤੇ ਇਕ ਤਕੜੀ ਸੱਟ ਸੀ। ਏਡੀ ਵੱਡੀ ਸੱਟ ਖਾ ਕੇ ਹੋਰ ਕੋਈ ਨਾ ਉਠ ਸਕਦਾ, ਪਰ ਸਿੰਘਾਂ ਢਾਈ ਕੁ ਮਹੀਨੇ ਹੀ ਅਰਾਮ ਕੀਤਾ ਤੇ ਅਹਿਮਦ ਸ਼ਾਹ ਦੇ ਲਾਹੌਰ ਬੈਠਿਆਂ, ਜੋ ਸਿੱਖਾਂ ਤੇ ਮਾਰੀ ਹੋਈ ਸੱਟ ਦਾ ਸੁਆਦ ਲੈਣ ਨੂੰ ਹੀ ਬੈਠਾ ਹੋਇਆ ਸੀ, ਉਸ ਦੇ ਅਨੁਸਾਰੀ ਭੀਖਣ ਖਾਨ ਮਲੇਰ ਕੋਟਲੇ ਵਾਲੇ ਦੀ ਧੌਣ ਜਾ ਨਿਵਾਈ ਤੇ ਫਿਰ ਅਪਰੈਲ ਮਈ ੧੭੬੨ ਨੂੰ ਸਰਹੰਦ ਵਾਲੇ ਜ਼ੈਨ ਖਾਨ ਤੋਂ ਨੱਕ ਨਾਲ ਲਕੀਰਾਂ ਕਢਾਈਆਂ ਤੇ ਉਹ ੫੦ ਹਜ਼ਾਰ ਨਜ਼ਰਾਨਾ ਦੇ ਕੇ ਛੁਟਾ। ਇਸ ਤੋਂ ਪਿਛੋਂ ਇਸੇ ਸਾਲ ੬ ਕਤਕ ੧੮੧੯ ਬਿਕ੍ਰਮੀ ਦਿਨ ਐਤਵਾਰ ਮੁਤਾਬਕ ੧੭ ਅਕਤੂਬਰ ੧੭੬੨ ਦੀਵਾਲੀ ਵਾਲੇ ਦਿਨ (ਇਸ ਦਿਨ ਮੁਕੰਮਲ ਸੂਰਜ ਗ੍ਰਹਿਣ ਸੀ ਤੇ ਅੰਮ੍ਰਿਤਸਰ ਦਿਨੇ ਤਾਰੇ ਨਜ਼ਰ ਆਏ ਸਨ) ਸਿੰਘ ਅਹਿਮਦ ਸ਼ਾਹ ਨੂੰ ਹਰਾ ਕੇ ਲਾਹੌਰ ਤਕ ਦਬੱਲੀ ਗਏ ਸਨ। ਪੰਜਾਬ ਬਾਰੇ ਉਸ ਦਾ ਸੁਪਨਾ ਟੁਟ ਗਿਆ ਸੀ। ਉਸ ਨੇ ਓਦੋਂ ਹੀ ਮਨ ਵਿਚ ਫੈਸਲਾ ਕਰ ਲਿਆ ਸੀ ਕਿ ਮੁਕੰਮਲ ਜੰਗੀ ਤਿਆਰੀ ਕਰ ਕੇ ਇਨ੍ਹਾਂ ਸਿੱਖ 'ਕਾਫ਼ਰਾਂ' ਦੇ ਖਿਲਾਫ਼ ਜਹਾਦ ਦਾ ਝੰਡਾ ਖੜਾ ਕਰ ਕੇ, ਸਾਰੀ ਮੁਸਲਿਮ ਆਬਾਦੀ ਹਰਕਤ ਵਿਚ ਲਿਆ ਕੇ, ਪੰਜਾਬ ਵਿਚ ਸਿੱਖ ਨਾਮੋ ਨਿਸ਼ਾਨ ਦੀ ਛੇਕੜ ਕਰ ਦਿਤੀ ਜਾਵੇਗੀ। ਇਸ ਨੇਕ ਕੰਮ ਲਈ ਉਹ ਯੋਗ ਸਮਾਂ ਉਡੀਕ ਰਿਹਾ ਸੀ। ਦਸੰਬਰ ੧੭੬੪ ਵਿਚ ਉਸ ਨੂੰ ਯੋਗ ਸਮਾਂ ਮਿਲ ਗਿਆ।]

—ਸਵਰਨ ਸਿੰਘ

### ਪੰਜਾਬ ਵਿਚ ਵਾਪਰੀਆਂ ਘਟਨਾਵਾਂ ਦੀ ਅਹਿਮਦ ਸ਼ਾਹ ਨੂੰ ਖਬਰ ਮਿਲਣੀ :—

ਅਹਿਮਦ ਸ਼ਾਹ ਨੂੰ ਜਦ ਪਤਾ ਲਗਾ ਕਿ ਸਿੰਘਾਂ ਪੰਜਾਬ ਵਿਚ ਉਸ ਦੇ ਰਾਜ ਦੇ ਪਰਖਚੇ ਉਡਾ ਦਿਤੇ ਹਨ, ਜ਼ੈਨ ਖਾਨ ਨੂੰ ਮਾਰ ਕੇ ਸਰਹੰਦ ਉਤੇ ਕਬਜ਼ਾ ਕਰ ਕੇ ਵੰਡੀਆਂ ਪਾ ਲਈਆਂ ਹਨ, ਭੀਖਣ ਖਾਨ ਮਲੇਰ ਕੋਟਲੀਏ ਨੂੰ ਵੀ ਰਗੜ ਦਿੱਤਾ ਹੈ, ਨਜੀਬੁਦੌਲਾ ਦਾ ਇਲਾਕਾ ਵੀ ਉਜਾੜ ਸੁਟਿਆ ਹੈ ਤੇ ਉਸ ਤੋਂ ਵੀ ੧੧ ਲੱਖ ਲੈ ਕੇ ਉਸ ਦਾ ਖਹਿੜਾ ਛਡਿਆ ਹੈ, ਜਲੰਧਰ ਦਾ ਗਵਰਨਰ ਨਵਾਬ ਸਆਦਤ ਖਾਨ ਡਰਦਾ ਹੀ ਭਜ ਗਿਆ ਹੈ, ਖਵਾਜਾ ਉਬੇਦ ਖਾਨ ਕਲਾਨੌਰ ਵਾਲਾ ਕਲਾਨੌਰ ਛਡ ਕੇ ਲਾਹੌਰ ਨੂੰ ਭਜ ਗਿਆ ਸੀ ਤੇ ਉਹ ਖਾਲਸੇ ਦੇ ਹੱਥੋਂ ਲਾਹੌਰ ਮਾਰਿਆ ਗਿਆ ਹੈ, ਕਾਬਲੀ ਮਲ ਹਾਕਮ ਲਾਹੌਰ ਨੇ ਵੀ ਈਨ ਮੰਨ ਲਈ ਹੈ ਤੇ ਲਾਹੌਰ ਉਤੇ ਸਿੱਖਾਂ ਦਾ ਕਬਜ਼ਾ ਹੋ ਗਿਆ ਹੈ, ਜਹਾਨ ਖਾਨ ਤੇ ਸਰ ਬੁਲੰਦ ਖਾਨ ਸਿਆਲਕੋਟ ਅਤੇ ਰੁਹਤਾਸ



www.AKJ.Org

ਵਿਚ ਸਿੰਘਾਂ ਪਾਸੋਂ ਮਾਰ ਖਾ ਕੇ ਜਾਨਾਂ ਬਚਾਉਣ ਲਈ ਦੌੜਾਂ ਲਾ ਗਏ ਹਨ ਤੇ ਹੁਣ ਸਿੰਘਾਂ ਨੇ ਮੁਲਤਾਨ ਮਾਰ ਕੇ ਸਿੰਧ ਦਰਿਆ ਟੱਪ ਕੇ ਡੇਰਿਆਂ (ਡੇਰਾ ਗਾਜ਼ੀ ਖ਼ਾਨ ਤੇ ਡੇਰਾ ਇਸਮਾਈਲ ਖਾਨ) ਨੂੰ ਵੀ ਆਣ ਮਧੋਲਿਆ ਹੈ, ਜਿਨ੍ਹਾਂ ਦੀਆਂ ਅਫਗਾਨਿਸਤਾਨ ਨਾਲ ਹੱਦਾਂ ਲਗਦੀਆਂ ਹਨ, ਇਹ ਸਭ ਕੁਝ ਸੁਣ ਕੇ ਉਸ ਨੂੰ ਕ੍ਰੋਧ ਵੀ ਬੜਾ ਆਇਆ ਤੇ ਘਬਰਾਹਟ ਵੀ ਹੋਈ। ਇਹ ਤਾਂ ਸ਼ੇਰ ਦੇ ਘੁਰੇ ਵਿਚ ਵੜ ਕੇ ਉਸ ਦੀਆਂ ਮੁੱਛਾਂ ਪੁੱਟਣ ਤੇ ਦੁੱਮ ਮਰੋੜਨ ਵਾਲੀ ਗੱਲ ਹੈ। ਅਬਦਾਲੀ ਦੀ ਸ਼ਹਿਨਸ਼ਾਹੀ ਤੇ ਉਸ ਦੇ ਜਾਹੋ-ਜਲਾਲ ਨੂੰ ਕੋਈ ਇੰਜ ਵੰਗਾਰ ਕੇ ਉਸ ਦੇ ਬੂਹੇ ਅੱਗੇ ਆਣ ਕੇ ਲਲਕਾਰੂ, ਉਸ ਦੇ ਸੁਪਨੇ ਵਿਚ ਵੀ ਨਹੀਂ ਸੀ। ਇਸ ਸਥਿਤੀ ਦੇ ਇਹਸਾਸ ਨੇ ਉਸ ਦੀ ਹਾਲਤ ਸੱਟ-ਖਾਧੇ-ਫਨੀਅਰ ਸੱਪ ਵਰਗੀ ਕਰ ਦਿੱਤੀ ਸੀ। ਚੰਗੀ ਸੋਚ ਵਿਚਾਰ ਪਿਛੋਂ ਇਸ ਖਿਆਲ ਨਾਲ ਕਿ ਉਸ ਦੇ ਬੜੇ ਬੜੇ ਨਾਮੀ ਸੂਰਬੀਰ ਤੇ ਹੰਢੇ-ਪਰਖੇ ਜਰਨੈਲ ਜਹਾਨ ਖਾਨ, ਸਰ ਫ਼ਰਾਜ਼ ਖਾਨ, ਸਰ ਬਲੰਦ ਖਾਨ, ਜ਼ੈਨ ਖਾਨ, ਮੁਰਾਦਖਾਨ, ਨੂਰੁੱਦੀਨ ਖਾਨ ਬਾਮਜਈ, ਸਆਦਤ ਖਾਨ, ਉਬੇਦ ਖਾਨ ਆਦਿ ਸਿੰਘਾਂ ਅੱਗੇ ਅੜ ਨਹੀਂ ਸਕੇ। ਉਸ ਨੇ ਆਪਣੇ ਜੋਟੀਦਾਰ ਕਲਾਤ ਦੇ ਬਲੋਚ ਹਾਕਮ ਮੀਰ ਮੁਹੰਮਦ ਨਸੀਰ ਖਾਨ ਨੂੰ ਸਿੱਖਾਂ ਵਿਰੁਧ ਉਸ ਦੇ ਹੱਲੇ ਵਿਚ (ਸਤਵੇਂ ਹਮਲੇ ਵਿਚ) ਫੌਜ ਲੈ ਕੇ ਸ਼ਾਮਲ ਹੋਣ ਲਈ ਲਿਖਿਆ। ਅਮੀਰ ਨਸੀਰ ਖਾਨ ਉਸ ਵੇਲੇ ਹੱਜ ਦੀ ਤਿਆਰੀ ਵਿਚ ਸੀ। ਉਸ ਦੀ ਖਾਹਿਸ਼ ਸੀ ਕਿ ਉਹ ਹਾਜੀ ਬਣ ਕੇ 'ਕਾਫ਼ਰ' ਸਿੱਖਾਂ ਵਿਰੁਧ ਜਹਾਦ ਵਿਚ ਗਾਜ਼ੀ ਬਣ ਕੇ ਸ਼ਾਮਲ ਹੋਵੇ। ਪਰ ਪੂਰਬ ਵਲੋਂ ਆ ਰਹੀਆਂ ਨਿੱਤ ਨਵੀਆਂ 'ਸਨਾਉਣੀਆਂ' ਨੇ ਅਹਿਮਦ ਸ਼ਾਹ ਦੀ ਨੀਂਦ ਹਰਾਮ ਕਰ ਛੱਡੀ ਸੀ। ਇਹ ਸੁਣ ਸੁਣ ਕੇ ਉਸ ਦੀ ਛਾਤੀ ਉਤੇ ਸੱਪ ਲੇਟਦਾ ਸੀ ਕਿ ਸਿੰਘਾਂ ਨੇ ਪੰਜਾਬ ਵਿਚੋਂ ਦੁਰਾਨੀਆਂ ਦੇ ਪਰਬੰਧ ਵਾਲੀ ਸਫ ਵਲ੍ਹੇਟ ਛੱਡੀ ਹੈ ਤੇ ਉਨ੍ਹਾਂ ਦੀ ਦਿਨ-ਬਦਿਨ ਵਧਦੀ ਤਾਕਤ ਕੋਈ ਨਵਾਂ ਚੰਦ ਚਾੜ੍ਹੀ ਖੜੀ ਹੈ। ਅਹਿਮਦਸ਼ਾਹ ਇਕ ਨੀਤੀਵਾਨ ਪਾਤਸ਼ਾਹ ਸੀ। ਉਸ ਦੀ ਨਿਗਾਹ ਵਿਚ ਸਿੱਖਾਂ ਦੇ ਖਿਲਾਫ਼ ਜਹਾਦ ਕਰਨਾ ਹੱਜ ਨਾਲੋਂ ਜ਼ਿਆਦਾ ਸੁਵਾਬ ਰਖਦਾ ਸੀ।†

ਇਹ ਸਾਰੇ ਹਾਲ ਕਾਜ਼ੀ ਨੂਰ ਮੁਹੰਮਦ ਨੇ ਆਪਣੀ ਪੁਸਤਕ ਜੰਗਨਾਮਾ ਵਿਚ, ਜੋ ਫ਼ਾਰਸੀ ਵਿਚ ਹੈ, ਬੜੇ ਸੋਹਣੇ ਵਿਸਥਾਰ ਨਾਲ ਦਿਤੇ ਹੋਏ ਹਨ। ਇਹ ਬੁੱਢਾ ਕਾਜ਼ੀ, ਗੰਜਾਬੇ (ਬਲੋਚਿਸਤਾਨ) ਦਾ ਵਸਨੀਕ, ਗਾਜ਼ੀ ਬਨਣ ਦੇ ਚਾਅ ਤੇ ਜੋਸ਼ ਨਾਲ ਸਿੱਖਾਂ ਵਿਰੁਧ ਜਹਾਦ ਲਈ ਇਸਲਾਮੀ ਲਸ਼ਕਰ ਵਿਚ ਸ਼ਾਮਲ ਹੋਇਆ ਸੀ ਤੇ ਇਹ ਨਸੀਰ ਖਾਨ ਕਲਾਤ ਵਾਲੇ ਨਾਲ ਆਇਆ ਸੀ। ਇਨ੍ਹਾਂ ਨਾਲ ੧੨ ਹਜ਼ਾਰ ਬਲੋਚੀ ਫੌਜ ਸੀ। ਕਲਾਤੋਂ ਚਲ ਕੇ ਇਹ ਲਸ਼ਕਰ ਅਹਿਮਦ ਸ਼ਾਹ ਅਬਦਾਲੀ ਨਾਲ ਐਮਨਾਬਾਦ ਆਣ ਰਲਿਆ ਸੀ, ਜਿਥੇ ਉਹ ਇਨ੍ਹਾਂ ਨੂੰ ਪਹਿਲਾਂ ਪੁਜ ਕੇ ਕਈਆਂ ਦਿਨਾਂ ਤੋਂ ਉਡੀਕ ਰਿਹਾ ਸੀ। ਇਸ ਜਹਾਦ ਕਰਨ ਵਾਲੇ ਗਾਜ਼ੀ ਲਸ਼ਕਰ ਨੇ ਪੰਜਾਬ ਵਿਚ ਸਿੱਖਾਂ ਵਿਰੁਧ ਲੜਦਿਆਂ-ਭਿੜਦਿਆਂ ਦਸ ਮਹੀਨੇ ਬਤੀਤ ਕੀਤੇ ਸਨ। ਕਈਆਂ ਥਾਵਾਂ ਤੇ ਬੜੀਆਂ ਖੂਨ-ਡੋਲ੍ਹਵੀਆਂ ਲੜਾਈਆਂ ਹੋਈਆਂ, ਜਿਨ੍ਹਾਂ ਵਿਚ ਦੋਹਾਂ ਧਿਰਾਂ ਦਾ ਕਾਫ਼ੀ ਨੁਕਸਾਨ ਹੁੰਦਾ ਰਿਹਾ। ਕਾਜ਼ੀ ਜੀ ਨੇ ਸਿੱਖਾਂ ਦੀ ਤੇਗ ਦੇ ਜੌਹਰ ਅੱਖੀਂ ਡਿਠੇ, ਕਾਫ਼ੀ ਜਾਣਕਾਰੀ ਤੇ ਤਜਰਬਾ ਹਾਸਲ ਕੀਤਾ। ਜਿਵੇਂ ਕਿ ਬਲੋਚ ਸਰਦਾਰ—ਖਾਨ ਮੁਹੰਮਦ ਨਸੀਰ ਖਾਨ ਨੇ ਕਾਜ਼ੀ ਨੂੰ ਤੁਰਨ ਲੱਗਿਆਂ ਕਿਹਾ ਸੀ ਕਿ, "ਹਛਾ ਜੇ ਤੂੰ ਨਾਲ ਚਲਿਆ ਹੀ ਹੈਂ ਤਾਂ ਸਾਡੀ ਬਹਾਦਰੀ ਦੀ ਇਕ ਚੰਗੀ ਕਵਿਤਾ ਤਿਆਰ ਕਰ ਦੇਵੀਂ"। ਅਤੇ ਜਦ ਦਸ ਮਹੀਨੇ ਦੀ ਮੁਹਿੰਮ ਮਗਰੋਂ ਖਾਨ ਆਪਣੇ ਬਚੇ ਖੁਚੇ ਲਸ਼ਕਰ ਨਾਲ ਆਪਣੀ ਰਾਜਧਾਨੀ ਕਲਾਤ ਪੁਜਾ ਤਾਂ ਉਸ ਨੇ ਕਾਜ਼ੀ ਨੂਰ ਮੁਹੰਮਦ ਨੂੰ ਚੇਤਾ ਕਰਾਇਆ ਤੇ ਇਸ ਜਹਾਦ ਬਾਰੇ ਕਵਿਤਾ ਲਿਖਣ ਲਈ ਕਿਹਾ। ਕਾਜ਼ੀ ਜੀ ਨੇ ਇਹ ਕੰਮ ਸ਼ੁਰੂ ਕੀਤਾ ਤੇ ਅਰੰਭ ਸੰਮਤ ੧੮੨੨ (੧੭੬੫ ਈ:) ਵਿਚ ਇਹ ਜੰਗਨਾਮਾ—ਪੁਸਤਕ ਦੀ ਸ਼ਕਲ ਵਿਚ ਤਿਆਰ ਕਰ ਕੇ ਖਾਨ ਦੇ ਪੇਸ਼ ਕਰ ਦਿਤਾ। ਇਸ ਜੰਗਨਾਮੇ ਦੇ ਅੰਤਲੇ ਸ਼ੇਅਰ ਤੋਂ ਪਤਾ

†ਕਾਜ਼ੀ ਨੂਰ ਮੁਹੰਮਦ ਗੰਜਾਬਾ—ਜੰਗ ਨਾਮਾ, ਪੰਨਾ ੪੧



www.AKJ.Org

ਲਗਦਾ ਹੈ ਕਿ ਇਸ ਨੂੰ ਕਰਤਾ ਨੇ ੧੧੭੮ ਹਿਜਰੀ ਵਿਚ ਹੀ ਮੁਕੰਮਲ ਕਰ ਦਿਤਾ ਸੀ ।

ਭਾਵੇਂ ਇਹ ਜੰਗਨਾਮਾ ਅੱਖੀਂ ਡਿਠੇ ਹਾਲਾਂ ਦਾ ਵਰਨਣ ਹੈ, ਪਰ ਹੈ ਇਹ ਇਕ-ਪੱਖੀ ਤਸਵੀਰ । ਫਿਰ ਵੀ ਇਤਿਹਾਸਕ ਪਖੋਂ ਸਿੱਖ ਇਤਿਹਾਸ ਦਾ ਇਹ ਇਕ ਜ਼ਰੂਰੀ ਹਿੱਸਾ ਹੈ । ਅਹਿਮਦਸ਼ਾਹ ਦੇ ਇਸ ਸਤਵੇਂ ਹਮਲੇ ਦਾ ਸਾਨੂੰ ਹੋਰਸ ਕਿਸੇ ਇਤਿਹਾਸ ਤੋਂ ਪੂਰਾ ਤੇ ਏਨਾ ਵਿਸਥਾਰ ਸਹਿਤ ਪਤਾ ਨਹੀਂ ਲੱਗਦਾ । ਇਹ ਚਸ਼ਮ-ਦੀਦ ਗਵਾਹੀ ਹੋਣ ਕਰਕੇ ਬੜੀ ਮਹੱਤਤਾ ਰੱਖਦਾ ਹੈ ।

ਕਾਜ਼ੀ ਜੀ ਨੇ ਲਿਖਦਿਆਂ ਹੋਇਆਂ ਕਈ ਥਾਈਂ ਸੱਚ ਨੂੰ ਡੋਬਣ ਦੇ ਯਤਨ ਕੀਤੇ ਹਨ, ਤੁਅਸਬ ਤੇ ਨਫ਼ਰਤ ਦਾ ਪਲਾ ਨਹੀਂ ਛਡਿਆ, ਸਿੰਘਾਂ ਨੂੰ ਰੱਜ ਰੱਜ ਕੇ ਗਾਲ੍ਹਾਂ ਦਿੱਤੀਆਂ ਹਨ । ਥਾਂ ਥਾਂ ਸਿੰਘਾਂ ਨੂੰ ਸੱਗ, ਕਲੱਬ (ਕੁੱਤੇ), ਕਾਲੇ ਮੂੰਹ ਵਾਲੇ, ਭੈੜੀ ਖੋ ਵਾਲੇ, ਫਿਟਕਾਰੇ ਹੋਏ, ਸੂਰ ਖਾਣੇ, ਪਲੀਤ, ਜਹੱਨਮੀ, ਦੋਜ਼ਖੀ, ਬੁਤ-ਪ੍ਰਸਤ, ਘਾਤਸ਼-ਪ੍ਰਸਤ, ਜਨੇਊ ਪਹਿਨਣ ਵਾਲੇ, ਗੰਦਗੀ-ਖ਼ੋਰ ਆਦਿ ਬੁਰੇ ਨਾਵਾਂ ਨਾਲ ਯਾਦ ਕੀਤਾ ਹੋਇਆ ਹੈ । ਗੁਰੂ ਸਾਹਿਬਾਨ ਬਾਰੇ ਵੀ ਜਬਾਨ-ਦਰਾਜ਼ੀ ਕੀਤੀ ਹੈ । ਇਹ ਸਭ ਕੁਝ ਕਾਜ਼ੀ ਜੀ ਦੀ ਲਾ-ਇਲਮੀ ਤੇ ਤੁਅੱਸਬਦੇ ਕਾਰਨ ਹੈ । ਜੇ ਉਹ ਹਜ਼ਰਤ ਮੁਹੰਮਦ ਸਾਹਿਬ ਦਾ ਸਹੀ ਤੇ ਸੱਚਾ ਪੈਰੋਕਾਰ ਹੁੰਦਾ ਤਾਂ ਕਦੀ ਵੀ ਗੁਰੂ ਸਾਹਿਬਾਨ ਬਾਰੇ ਪਾਗਲਾਂ ਵਾਂਗ ਦਰੀਦਾ ਦਹਿਨ (ਬੇਹੂਦਾ) ਨਾ ਬਣਦਾ ਤੇ ਏਡਾ ਵੱਡਾ ਗੁਨਾਹ ਸਿਰ ਤੇ ਨਾ ਲੈਂਦਾ । ਇਨ੍ਹਾਂ ਗਾਲ੍ਹਾਂ ਤੇ ਜ਼ਬਾਨ-ਦਰਾਜ਼ੀ ਦੇ ਹੁੰਦਿਆਂ ਹੋਇਆਂ ਵੀ ਇਹ ਜੰਗਨਾਮਾ ਪੰਜਾਬ ਦੇ ਇਸ ਸਮੇਂ ਦੇ ਇਤਿਹਾਸ ਦਾ ਜ਼ਰੂਰੀ ਅੰਗ ਹੋਣ ਦੇ ਨਾਤੇ ਇਕ ਅਮੋਲਕ ਪੁਸਤਕ ਹੈ, ਜੋ ਸਿੰਘਾਂ ਸੰਬੰਧੀ ਬੜੇ ਸੋਹਣੇ ਹਾਲ ਤੇ ਨਵੀਆਂ ਗੱਲਾਂ ਦਸਦਾ ਹੈ, ਜੋ ਬੜੀ ਦੇਰ ਤਕ ਸਾਹਮਣੇ ਨਹੀਂ ਆ ਸਕੀਆਂ ।

ਪਿਆਰੇ ਸੂਝਵਾਨ ਪਾਠਕ ਜੀ. ਹੁਣ ਕਲਾਤੋਂ ਚੜ੍ਹ ਕੇ ਐਮਨਾਬਾਦ, ਅਹਿਮਦ ਸ਼ਾਹ ਨਾਲ ਮਿਲ ਕੇ ੧੦ ਮਹੀਨੇ ਦੀ ਮੁਹਿੰਮ ਤੋਂ ਵਾਪਸ ਮੁੜਨ ਤਕ ਕਾਜ਼ੀ ਜੀ ਦਾ ਸਾਥ ਦਿਉ । ਅਗਲੇ ਹਾਲਾਤ ਉਨ੍ਹਾਂ ਤੋਂ ਸੁਣੋ, ਉਨ੍ਹਾਂ ਦੀਆਂ ਗਾਲ੍ਹਾਂ ਨੂੰ ਮਨ ਤੇ ਨ ਲਿਆਇਉ । ਮੈਨੂੰ ਏਨੀ ਕੁ ਆਗਿਆ ਬਖਸ਼ ਦਿਉ ਜੋ ਕਾਜ਼ੀ ਜੀ ਦੀਆਂ ਇਨ ਬਿਨ ਦੱਸੀਆਂ ਗੱਲਾਂ ਉਤੇ ਆਪਣੀ ਰਾਇ ਦੇ ਸਕਾਂ ।

## ਕਲਾਤੋਂ ਪੰਜਾਬ ਲਈ ਤਿਆਰੀ ਕਾਜ਼ੀ ਨੂਰ ਮੁਹੰਮਦ ਦੀ ਜ਼ਬਾਨੀ :–

ਇਕ ਦਿਨ ਮੁਹੰਮਦ ਨਸੀਰ ਖਾਨ ਆਪਣੀ ਰਾਜਧਾਨੀ ਵਿਚ ਬੜੀਆਂ ਖੁਸ਼ੀਆਂ ਵਿਚ ਆਪਣੇ ਨਾਮੀ ਖਾਨਾਂ ਤੇ ਦਾਨਸ਼ਵਰਾਂ ਨਾਲ ਮਜਲਸ ਲਾਈ ਬੈਠਾ, ਪਾਸ ਰਖੀਆਂ ਕੁਰਾਨ ਦੀਆਂ ਤਫ਼ਸੀਰਾਂ, ਫਿਕ੍ਹਾ ਤੇ ਹਦੀਸ ਦੀਆਂ ਕਿਤਾਬਾਂ ਉਤੇ ਜ਼ਿਕਰ ਸੁਣ ਸੁਣਾ ਰਿਹਾ ਸੀ ਤੇ ਹੱਜ ਕਰਨ ਦੀਆਂ ਸਲਾਹਾਂ. ਕਰ ਰਿਹਾ ਸੀ ਕਿ ਏਨੇ ਨੂੰ ਇਕਾ-ਇਕ ਇਕ ਦਰਬਾਨ ਅੰਦਰ ਆਇਆ ਤੇ ਉਸ ਨੇ ਦਸਿਆ ਕਿ ਹੁਣੇ ਹੁਣੇ ਡੇਰੇ ਤੋਂ ਖਬਰ ਪਹੁੰਚੀ ਹੈ ਕਿ ਬੇਦੀਨੇ ਕਾਫਰ ਸਿੱਖਾਂ ਨੇ ਲਾਹੌਰੋਂ ਡੇਰੇ ਤੀਕ ਦਾ ਸਾਰਾ ਮੁਲਕ ਰਾਣ ਸੁਟਿਆ ਹੈ ਤੇ ਮਸੀਤਾਂ ਨੂੰ ਢਾਹ-ਢੇਰੀ ਕਰ ਦਿਤਾ ਹੈ ।‡

---

‡ਮਾਘ ਸੰਮਤ ੧੮੨੦ (ਜਨਵਰੀ ੧੭੬੪) ਵਿਚ ਤਰੁਣਾ ਤੇ ਬੁਢਾ ਦਲ ਨੇ ਰਲ ਕੇ ਜ਼ੈਨ ਖਾਨ ਨੂੰ ਮਾਰ ਕੇ ਸਰਹੰਦ ਉਜਾੜ ਦਿਤੀ । ਬੁਢਾ ਦਲ ਭਰਤ ਪੁਰੀਏ ਜਾਟਾਂ ਦੀ ਸਹਾਇਤਾ ਲਈ ਅਗਾਂਹ ਨਜੀਬ ਦੇ ਇਲਾਕੇ ਵਲ ਨੂੰ ਵਧ ਗਿਆ ਤੇ ਤਰੁਣਾ ਦਲ ਲਾਹੌਰ ਵਲ ਨੂੰ ਪਿਛਾਂਹ ਮੁੜ ਆਇਆ । ਮਲੂਮ ਹੁੰਦਾ ਹੈ ਕਿ ਇਸ ਸਮੇਂ ਹੀ ਤਰੁਣਾ ਦਲ ਮੁਲਤਾਨ ਵਲ ਆਇਆ ਹੋਵੇਗਾ ਅਤੇ ਮੁਲਤਾਨੋਂ ਲੈ ਕੇ ਅਟਕ ਦਰਿਆ ਟਪ ਕੇ ਡੇਰਿਆਂ ਨੂੰ ਉਗਰਾਹ ਲਿਆ ਹੋਵੇਗਾ । ਅਜੀਬ ਗੱਲ ਹੈ ਕਿ ਹੋਰਸ ਕਿਸੇ ਇਤਿਹਾਸਕਾਰ ਨੇ ਇਸ ਵਕਤ ਤਾਈਂ ਸਿੰਘਾਂ ਦਾ ਮੁਲਤਾਨ ਵਲ ਆਉਣਾ ਨਹੀਂ ਮੰਨਿਆ । ਪਰ ਕਾਜ਼ੀ ਨੂਰ ਮੁਹੰਮਦ ਇਸ ਹਕੀਕਤ ਤੋਂ ਪਰਦਾ ਚੁਕ ਦਿੰਦਾ ਹੈ ਕਿ ਸਿੰਘ ਮੁਲਤਾਨ ਮਾਰ ਕੇ ਅਟਕ ਦਰਿਆ ਵੀ ਲੰਘ ਚੁਕੇ ਸਨ ਤੇ ਡੇਰਿਆਂ ਉਤੇ ਵੀ ਹਥ ਸਾਫ਼ ਕੀਤੇ ਸਨ । ਜੰਗਨਾਮੇ ਨੇ ਹੀ ਇਸ ਪਖ ਨੂੰ ਉਜਾਗਰ ਕੀਤਾ ਹੈ ।



www.AKJ.Org

ਕਿ ਦਰਬਾਨ ਮੀਰੀ ਦਰ ਆਮਦ ਜ਼ ਦਰ । ਕਿ ਈਂਕ ਜ਼ ਡੇਰਾ ਰਸੀਦਾ ਖ਼ਬਰ ।
ਕਿ ਸਿਖਹਾਏ ਬੇਦੀਨ-ਏ-ਕਾਫ਼ਰ ਲਈਨ । ਰਸੀਦਾ ਬ-ਲਾਹੌਰੋ ਮੁਲਤਾਂ ਜ਼ਮੀਨ ।
ਜ਼ਿ ਲਾਹੌਰ ਤਾ ਡੇਰਾ ਦਰ ਤਾਖ਼ਤੰਦ । ਬਨਾਇਮ ਸਾਜ਼ਦ ਬਰ ਅੰਦਾ ਖ਼ਤੰਦ ।

ਜਦ ਖ਼ਾਨ ਨੇ ਇਹ ਖ਼ਬਰ ਸੁਣੀ ਤਾਂ ਉਸ ਨੂੰ ਬੜਾ ਜੋਸ਼ ਆਇਆ । ਉਸ ਨੇ ਕਿਹਾ, "ਹੈਫ਼ ਹੈ, ਇਨ੍ਹਾਂ ਕਾਫ਼ਰਾਂ ਨੇ ਮੋਮਨਾਂ ਉਤੇ ਜ਼ੋਰ ਪਾ ਲਿਆ ਹੈ । ਜੋ ਦੇਸ਼ ਪਹਿਲਾ ਦਾਰੁਲ ਇਸਲਾਮ ਸੀ (ਇਸਲਾਮ ਦਾ ਘਰ), ਉਹ ਹੁਣ ਦਾਰੁਲ ਹਰਬ (ਲੜਾਈ ਫ਼ਸਾਦ ਵਾਲੀ ਥਾਂ ਜਾਂ ਘਰ) ਬਣ ਗਿਆ ਹੈ । ਇਸ ਲਈ ਇਸਲਾਮੀਆਂ ਨੂੰ ਬੜਾ ਦੁਖ ਹੋਇਆ ਹੈ । ਮੇਰੇ ਉਤੇ ਵਾਜਬ ਬਣਦਾ ਹੈ ਕਿ ਮੈਂ ਇਹ ਦੀਨ ਦਾ ਜੰਗ ਕਰਾਂ ਤੇ ਇਨ੍ਹਾਂ ਲਾਅਨਤੀ ਬੇਸ਼ਰਮੇ ਸਿਖਾਂ ਨੂੰ ਕਤਲ ਕਰਾਂ, ਇਨ੍ਹਾਂ ਕਾਫਰਾਂ ਦੇ ਸਿਰਾਂ ਉਤੇ ਤਲਵਾਰ ਘਤਾਂ, ਇਨ੍ਹਾਂ ਦੇ ਸਿਰ ਵਢਾਂ ਤੇ ਸੀਨੇ ਪਾੜ ਸੁਟਾਂ, ਇਨ੍ਹਾਂ ਦੀ ਐਸੀ ਦੁਰਦਸ਼ਾ ਕਰਾਂ ਕਿ ਫ਼ਰਿਸ਼ਤੇ ਵਾਹ ਵਾਹ ਆਖਣ । ਮੈਂ ਇਨ੍ਹਾਂ ਦੇ ਖ਼ੂਨ ਦਾ ਇਕ ਦਰਿਆ ਵਗਾ ਦਿਆਂ ਤੇ ਉਸ ਵਿਚ ਇਨ੍ਹਾਂ ਨੂੰ ਸਿਰ-ਤਲਵਾਏ ਕਰ ਕੇ ਡੋਬ ਛਡਾਂ । ਮੈਂ ਇਨ੍ਹਾਂ ਦੀਆਂ ਲੋਥਾਂ ਨੂੰ ਅੱਗ ਵਿਚ ਸਾੜ ਫੂਕ ਦਿਆਂ ਤੇ ਇਨ੍ਹਾਂ ਦਿਆਂ ਸਿਰਾਂ ਵਿਚੋਂ ਮਿਝ ਕੱਢ ਵਗਾਵਾਂ ।" (ਸਫ਼ਾ ੩੭-੩੮, ਸਤਰਾਂ ੨੮ ਤੋਂ ੩੮ ਤਕ) ।

### ਜਹਾਦ ਲਈ ਫ਼ਤਵਾ—

ਫਿਰ ਉਸ ਨੇ ਦੀਨ ਦੇ ਉਲਮਾਵਾਂ ਪਾਸੋਂ ਇਹ ਜਹਾਦ ਕਰਨ ਲਈ ਦੀਨੀ ਫ਼ਤਵਾ ਮੰਗਿਆ । ਸਭ ਨੇ ਇਕ-ਆਵਾਜ਼ ਹੋ ਕੇ ਇਹੋ ਫ਼ਤਵਾ ਦਿਤਾ ਕਿ ਕਾਫ਼ਰਾਂ ਵਿਰੁਧ ਜਹਾਦ ਕਰਨ ਨਾਲੋਂ ਕਿਹੜਾ ਹੋਰ ਚੰਗਾ ਕੰਮ ਹੈ । ਉਨ੍ਹਾਂ ਸਲਾਹ ਦਿਤੀ ਕਿ ਪਹਿਲਾਂ ਆਪਣੇ ਪਾਤਸ਼ਾਹ ਅਹਿਮਦਸ਼ਾਹ ਅਬਦਾਲੀ ਪਾਸੋਂ ਇਜਾਜ਼ਤ ਲੈ ਲੈਣੀ ਚਾਹੀਦੀ ਹੈ । ਸੁ ਇਸ ਮਤਲਬ ਲਈ ਇਕ ਅਰਜ਼ੀ ਬਾਦਸ਼ਾਹ ਨੂੰ ਲਿਖੀ ਗਈ ਤੇ ਇਕ ਤੇਜ਼-ਰਫਤਾਰ ਕਾਸਦ ਨੂੰ ਦੇ ਕੇ ਬਾਦਸ਼ਾਹ ਵਲ ਘਲਾਈ ਗਈ ।

### ਅਹਿਮਦ ਸ਼ਾਹ ਅਬਦਾਲੀ ਦਾ ਆਪਣਾ ਫੁਰਮਾਨ :—

ਅਰਜ਼ੀ ਲੈ ਕੇ ਜਾਣ ਵਾਲੇ ਕਾਸਦ ਦੇ ਅਪੜਨ ਤੇ ਮੁੜਨ ਤੋਂ ਪਹਿਲਾਂ ਪਾਤਸ਼ਾਹ ਵਲੋਂ ਇਕ ਖਤ ਨਸੀਰ ਖਾਨ ਨੂੰ ਪਹੁੰਚਾ ਕਿ ਮੇਰੇ ਪਾਸ ਮੁਲਤਾਨੋਂ ਤੇ ਡੇਰੇ ਤੋਂ ਖਬਰਾਂ ਅਪੜੀਆਂ ਹਨ ਕਿ ਫਿਟਕਾਰੇ ਹੋਏ ਤੇ ਕਾਫਰ ਸਿੱਖਾਂ ਨੇ ਮੋਮਨਾਂ ਉਤੇ ਗਲਬਾ ਪਾ ਲਿਆ ਹੈ ਤੇ ਲਾਹੌਰ ਦੇ ਇਲਾਕੇ ਨੂੰ ਦਰੜ ਸੁਟਿਆ ਹੈ । ਲਾਹੌਰ ਹੀ ਕੀ, ਉਨ੍ਹਾਂ ਮੁਲਤਾਨ ਤਕ ਵੀ ਸਾਰਾ ਇਲਾਕਾ ਰਾਣ ਸੁਟਿਆ ਹੈ, ਮਸੀਤਾਂ ਢਾਹ ਸੁੱਟੀਆਂ ਹਨ ਤੇ ਮੁਸਲਮਾਨਾਂ ਨੂੰ ਕੈਦ ਕਰ ਕੇ ਲੈ ਗਏ ਹਨ ।੦ ਇਨ੍ਹਾਂ ਨੇ ਦੀਨ ਦੀਆਂ ਰਸਮਾਂ ਨੂੰ ਵੀ ਬੰਦ ਕਰ ਦਿਤਾ ਹੈ । ਏਧਰ ਤਾਂ ਇਹ ਮੰਦਾ ਹਾਲ ਹੋ ਚੁਕਿਆ ਹੈ ਤੇ ਤੂੰ ਹੱਜ ਕਰਨ ਨੂੰ ਤੁਰਿਆ ਜਾਂਦਾ ਹੈਂ । ਇਨ੍ਹਾਂ ਫਸਾਦੀ ਬੁੱਤ-ਪ੍ਰਸਤਾਂ ਨਾਲ

---

੦ ਕਾਜ਼ੀ ਜੀ ਏਥੇ ਸੱਚ ਨੂੰ ਜਾਣ ਬੁਝ ਕੇ ਦਬਾ ਰਹੇ ਹਨ । ਸਿੰਘਾਂ ਨੇ ਸਾਧਾਰਨ ਮੁਸਲਮਾਨਾਂ ਨੂੰ ਕੈਦ ਨਹੀਂ ਕੀਤਾ । ਸਿਰਫ਼ ਅਫ਼ਗਾਨ ਫੌਜੀਆਂ ਨੂੰ, ਜੋ ਜੰਗ ਵਿਚ ਸਿੰਘਾਂ ਹਥੋਂ ਹਾਰਦੇ ਸਨ ਜਾਂ ਉਨ੍ਹਾਂ ਦੇ ਹਿੰਦੁਸਤਾਨੀ ਸੰਗੀ ਸਾਥੀਆਂ ਨੂੰ, ਕਿਤੇ ਅਜਾਈਂ ਬੇਰਹਿਮੀ ਨਾਲ ਕਤਲ ਕੀਤਾ ਹੋਵੇ, ਇਕ ਵੀ ਮਿਸਾਲ ਨਹੀਂ ਮਿਲਦੀ । ਇਸ ਗੱਲ ਦੀ ਫ਼ਾਰਸਟਰ ਸਾਹਿਬ ਆਪਣੇ ਸਫਰਨਾਮੇ ਵਿਚ ਗਵਾਹੀ [ਜਿਲਦ ਪਹਿਲੀ, ਸਫਾ ੩੨੩] । ਇਨ੍ਹਾਂ ਕੈਦੀਆਂ ਤੋਂ ਸੀ ਅੰਮ੍ਰਿਤਸਰ ਦੇ ਸਰੋਵਰ ਦੀ ਕਾਰ-ਸੇਵਾ ਲਈ ਜਾਂਦੀ ਸੀ, ਜੋ ਅਹਿਮਦ ਸ਼ਾਹ ਤੇ ਤੈਮੂਰ ਨੇ ਮਲਬੇ ਨਾਲੇ ਭਰਵਾ ਦਿਤਾ ਸੀ ।



www.AKJ.Org

ਜਹਾਦ ਕਰਨਾ ਹੱਜ ਕਰਨ ਨਾਲੋਂ ਕਈ ਗੁਣਾ ਉਤਮ ਹੈ।() ਤੂੰ ਮੈਨੂੰ ਪੁਤਰ ਵਾਂਗ ਹੈਂ ਤੇ ਇਸਲਾਮ ਦੇ ਪਖੋਂ ਮੇਰਾ ਦੀਨੀ ਭਰਾ ਹੈਂ। ਏਧਰੋਂ ਮੈਂ ਤੁਰਦਾ ਹਾਂ ਤੇ ਆਪਣੇ ਪਾਸਿਓਂ ਤੂੰ ਫੋਜ ਲੈ ਕੇ ਤੁਰ, ਤਾਕਿ ਆਪਾਂ ਦੋਵੇਂ ਰਲ ਕੇ ਇਨ੍ਹਾਂ ਦੀ ਜੜ-ਮੇਖ ਪੁਟ ਸੁਟੀਏ, ਇਨ੍ਹਾਂ ਦੇ ਘਰ ਘਾਟ ਫੂਕ ਦਈਏ ਤੇ ਇਨ੍ਹਾਂ ਦੀਆਂ ਔਰਤਾਂ ਤੇ ਬੱਚਿਆਂ ਨੂੰ ਕੈਦੀ ਬਣਾ ਲਈਏ। (ਬੁਢੀ ਮੁੰਡਾ ਬੰਨ੍ਹ ਲਈਏ)

ਤਗ਼ਲਬ ਨਮੂਦੰਦ ਬਰ ਅਹਿਲਿ ਦੀਂ। ਬਤਾਰਾਜ ਬੁਰਦੰਦ ਮੁਲਤਾਂ ਜ਼ਮੀਂ।
ਮਸਾਜਿਦ ਸ਼ਕਿਸਤੰਦ ਆ ਹਰ ਬੀਆਨ। ਅਸੀਰੀ ਬੁਰਦੰਦ ਅਸਲਾਮੀਆਨ।
ਬਮਾ ਈਂ ਖ਼ਬਰ ਹਾ ਬਮੁਲਤਾਂ ਰਸੀਦ। ਹਮ ਅਜ਼ ਜਾਨਬਿ ਡੇਰਾ ਆਮਦ ਬਰੀਦ।
ਕੁਜਾ ਮੇ ਰਵੀ ਤਾ ਬ-ਹੱਜ ਮੇ ਰਵੀ। ਖ਼ਰਾਬੀ ਕੁਨੰਦ ਈਂ ਗਰੋਹੇ ਗ਼ਵੀ।
ਅਜ਼ਾਂ ਸੂ ਤੂ ਐ ਖ਼ਾਨਿ ਆਦਲ ਬਿਆ। ਵਜ਼ੀਂ ਸੂ ਬ-ਇਕਬਾਲ ਆਇਮ ਮਾ।
ਕਿ ਬੁਨਿਆਦੀ ਏਸ਼ਾਂ ਜ਼ਿ ਬੁਨ ਬਰ ਕੁਨੇਮ। ਬ-ਮਸਕਿਨ ਸਗਾਂ ਆਤਸ਼ ਅੰਦਰ ਜਨੇਮ।
ਜਹਾਦੇ ਬਈਂ ਹਰਬੀਏ ਬੁਤ-ਪ੍ਰਸਤ। ਯਕੀਂ ਦਾਂ ਕਿ ਅਜ਼ ਹਜ ਫ਼ਾਜ਼ਲ-ਤ੍ਰਸਤ।......
ਰਸੂਮਾਤਿ ਦੀਂ ਰਾ ਬਰ ਅੰਦਾਖ਼ਤੰਦ। ਨਵਾਹੀਏ ਲਾਹੌਰ ਬਰ ਤਾਖ਼ਤੰਦ।
ਚਿ ਲਾਹੌਰ ਬਾਸ਼ਦ ਕਿ ਮੁਲਤਾਂ ਨੀਜ਼। ਬਹਮ ਬਰਜ਼ਦ ਆਂ ਕਾਫਰੇ ਬੇਤਮੀਜ਼।
ਤੂ ਫ਼ਰਜ਼ੰਦਿ ਮਾਈ ਬ੍ਰਾਦਰਜ਼ ਦੀਂ। ਬਿਆ ਤਾ ਅਜ਼ੀਂ ਫ਼ਿਰਕਾਇ ਬੇ-ਯਕੀਂ।
ਬਰ ਆਰੇਮ ਬੁਨਿਆਦ ਬੁਕਨੇਮ ਅਸੀਰ। ਜ਼ਨੋ ਬਚਾ ਸ਼ਾਂ ਰਾ ਕੁਨਮ ਦਸਤਗੀਰ।
ਖ਼ੁਦ ਆਂ ਖ਼ਾਨਿ ਅਲੀ ਬੂਦਾ ਮੁਨਤਜ਼ਰ। ਕਿ ਕੈ ਆਇਦ ਅਜ਼ ਖ਼ਾਨਿ ਫ਼ਰਮਾਨਿ ਫ਼ਰ।
ਚਿ ਜ਼ੋਰੋ ਜ਼ਬਰ ਸਾਜ਼ਮ ਆਂ ਕਾਫ਼ਰਾਂ। ਕੁਨਮ ਪਾਕ ਜ਼ਾਂ ਬਦ ਸਰਿਸ਼ਤਾਂ ਜਹਾਂ।
ਹਮਾਂ ਦਮ ਬਹਰ ਸੂਏ ਮਹਿਫ਼ਲ ਕਸ਼ੀਦ। ਕਿ ਅਫ਼ਵਾਜਿ ਲਸ਼ਕਰ ਬਬਾਇਦ ਪਦੀਦ।

[ਜੰਗਨਾਮਾ ਸਫਾ ੪੦-੪੧, ਬੰਦ ੮੩ ਤੋਂ ੧੦੪

ਨਸੀਰ ਖਾਨ ਤਾਂ ਇਹੋ ਚਾਹੁੰਦਾ ਸੀ ਕਿ ਮੈਂ ਕਾਫ਼ਰਾਂ ਨੂੰ ਤੈ-ਤੇਗ ਕਰ ਸੁਟਾਂ ਤੇ ਇਨ੍ਹਾਂ ਭੈੜੀ ਖੋ ਵਾਲਿਆਂ ਤੋਂ ਦੁਨੀਆ ਨੂੰ ਪਾਕ ਸਾਫ਼ ਕਰਾਂ। ਜਦ ਪਾਤਸ਼ਾਹ ਦਾ ਹੁਕਮ ਮਿਲਿਆ ਤਾਂ ਉਸ ਨੇ ਹੁਕਮ ਦੇ ਦਿਤਾ ਕਿ ਹਰ ਪਾਸਿਓਂ ਗਾਜ਼ੀ ਇਸਲਾਮੀ ਲਸ਼ਕਰ ਵਿਚ ਆ ਕੇ ਰਲਣ, ਤਾਕਿ ਇਕ ਤਕੜਾ ਲਸ਼ਕਰ ਤਿਆਰ ਹੋ ਜਾਵੇ।

## ਕਲਾਤੋਂ ਬਲੋਚ ਫ਼ੌਜਾਂ ਦਾ ਪੰਜਾਬ ਵੱਲ ਤੁਰਨਾ ਤੇ ਰਸਤਿਆਂ ਵਿਚ ਹੋਰ ਬਲੋਚ ਕਬੀਲਿਆਂ ਦਾ ਸ਼ਾਮਲ ਹੋਣਾ :--

ਜ਼ ਹਰ ਸੂਏ ਅਫ਼ਵਾਜ ਅਜ਼ ਗਾਜ਼ੀਆਂ। ਰਸੀਦਾ ਬਦਰਗਾਹਿ ਖ਼ਾਨਿ ਜਹਾਂ।
ਦਰਾਂ ਯੂਰਸ਼ ਅਜ਼ ਫ਼ਰਤਿ ਹਿਰਸਿ ਗਜ਼। ਬੂਦਮ ਹਾਜ਼ਰ ਅੰਦਰ ਖਲਾ ਵ ਮਲਾ।
ਬਚਸ਼ਮਿ ਖ਼ੁਦ ਆਂ ਜੁਮਲਾ ਦੀਦਮ ਸਿਪਾਹ। ਕਿ ਬੂਦਾ ਦਮਾਂ ਹਮਚੂੰ ਮਾਰਿ ਸਿਆਹ।

---

()ਸਿੱਖਾਂ ਦੇ ਧਰਮ ਬਾਰੇ ਕਾਜ਼ੀ ਜੀ ਦਾ ਗਿਆਨ ਬਿਲਕੁਲ ਅਧੂਰਾ ਹੈ। ਸਿੱਖ ਬੁਤ-ਪ੍ਰਸਤ ਬਿਲਕੁਲ ਨਹੀਂ ਹਨ। ਸਿੱਖ ਪੱਥਰ-ਪੂਜ ਨਹੀਂ ਹਨ, ਭਾਵੇਂ ਉਹ ਪੱਥਰ ਬੁੱਤ ਵਾਂਗ ਘੜਿਆ ਹੋਵੇ ਜਾਂ ਅਣਘੜਤ ਹੀ ਹੋਵੇ। ਸਿੱਖਾਂ ਨੂੰ ਬੁੱਤ-ਪ੍ਰਸਤ ਆਖਣ ਤੋਂ ਪਹਿਲਾਂ ਪਤਾ ਨਹੀਂ ਕਾਜ਼ੀ ਜੀ ਨੂੰ ਹਜਰਿ ਅਸਵਦ, ਖਾਨਾ-ਏ-ਕਾਅਬਾ ਵਿਖੇ ਰਖਿਆ ਕਾਲਾ ਪੱਥਰ ਜਿਸ ਨੂੰ ਪਵਿੱਤਰ ਜਾਣ ਕੇ ਤੇ ਪੂਜਣ ਯੋਗ ਮੰਨ ਕੇ ਉਸ ਕੋਠੜੀ ਦੀਆਂ ਕੰਧਾਂ ਨਾਲ ਗਲ੍ਹਾਂ ਘਸਾਉਂਦੇ ਹਨ, ਕਿਉਂ ਚੇਤੇ ਨਹੀਂ ਆਇਆ ? ਨਾ ਉਨ੍ਹਾਂ ਲਿਖਿਆ ਹੀ ਹੈ ਕਿ ਸਿੱਖ ਕਿਸ ਦੇ ਬੁਤ ਨੂੰ ਪੂਜਦੇ ਹਨ। ਚੰਗਾ ਹੁੰਦਾ ਜੇ ਕਾਜ਼ੀ ਜੀ ਆਪਣੀ ਪੀੜ੍ਹੀ ਥਲੇ ਸੋਟਾ ਫੇਰ ਲੈਂਦੇ। ਸਿੱਖ ਬੁਤ-ਪ੍ਰਸਤ ਨਹੀਂ ਹਨ, ਸਗੋਂ ਕੇਵਲ ਅਕਾਲ ਪੁਰਖ ਦੀ ਹੀ ਪੂਜ ਕਰਨ ਵਾਲੇ ਅਸਲ ਤੌਹੀਦ-ਪ੍ਰਸਤ ਹਨ।



www.AKJ.Org

ਜਵਾਨਾਨਿ ਜੰਗੀ ਵ ਪਸ਼ਮੀਨਾ ਪੋਸ਼ । ਬਰੋਜ਼ਿ ਵਗਾ ਤੇਗਜ਼ਨ ਸਖ਼ਤ ਕੋਸ਼।
ਹਮਾ ਸ਼ੇਰ ਚੰਗ ਵ ਹਮਾ ਬਾ ਤਫ਼ੰਗ। ਹਮਾ ਮੋਈਆ ਪੋਸ਼ ਮਿਸਲਿ ਪਲੰਗ।
(ਸਫਾ ੪੨—ਬੰਦ ੧੦੭ ਤੋਂ ੧੧੧)

ਦੀਨ ਲਈ ਜੰਗ ਦੇ ਚਾਅ ਵਿਚ ਹਰ ਪਾਸਿਓਂ ਗ਼ਾਜ਼ੀ ਇਕੱਠੇ ਹੋਣ ਲਗ ਪਏ। ਉਨ੍ਹਾਂ ਦੀ ਗਿਣਤੀ ਦਾ ਕੋਈ ਹਿਸਾਬ ਨਹੀਂ ਸੀ ਆਉਂਦਾ। ਮੈਂ ਇਸ ਸਾਰੀ ਫ਼ੌਜ ਨੂੰ ਅੱਖੀਂ ਡਿਠਾ ਹੈ। ਇਹ ਕਾਲੇ ਨਾਗ ਵਾਂਗ ਫੁੰਕਾਰ ਰਹੀ ਸੀ। ਗਾਜ਼ੀਆਂ ਨੇ ਪੋਸਤੀਨਾਂ ਪਾਈਆਂ ਹੋਈਆਂ ਸਨ ਤੇ ਹਥਾਂ ਵਿਚ ਬੰਦੂਕਾਂ ਤੇ ਸ਼ੇਰ-ਪੰਜੇ ਫੜੇ ਹੋਏ ਸਨ। ਨਸੀਰ ਖਾਨ ਨੇ ਹੁਕਮ ਦਿਤਾ ਕਿ ਜੇਹਲਬਾਨੀ ਮੂਹੀਂ ਦੇ ਬਰੂਹੀ ਤਾਂ ਜ਼ੈਦੀ ਦੇ ਪੜਾਉ ਉਤੇ ਇਕੱਠੇ ਹੋ ਜਾਣ ਤੇ ਸਾਰਬਾਨੀ ਮੂਹੀਂ ਦੇ ਬਰੂਹੀ ਗੰਜਾਬੇ ਦੇ ਪੜਾਉ, ਉਸ ਦੇ ਆਉਣ ਤੋਂ ਪਹਿਲਾਂ ਪਹਿਲਾਂ। ਫਿਰ ਮੁਹੰਮਦ ਨਸੀਰ ਖਾਨ ਬੜੀ ਸ਼ਾਨੋ ਸ਼ੌਕਤ ਨਾਲ ਕਲਾਤੋਂ ਬਾਹਰ ਹੋਇਆ ਤੇ ਬੜੇ ਧੂਮ-ਧੜੱਕੇ ਨਾਲ ਕੂਚ ਕਰ ਕੇ ਜ਼ੈਦੀ ਦੇ ਮੁਕਾਮ ਤੇ ਆਣ ਮਨਜ਼ਲ ਕੀਤੀ। ਏਥੇ ਤਮਾਮ ਜੇਹਲਬਾਨੀ ਹਾਜ਼ਰ ਹੋ ਗਏ। ਜ਼ੈਦੀ ਤੋਂ ਚਲ ਕੇ ਅਗਲਾ ਪੜਾਉ ਗੰਜਾਬੇ ਕੀਤਾ ਤੇ ਏਥੇ ਸਾਹਬਾਨੀ ਮੂਹੀ ਦੇ ਬਲੋਚ ਆਣ ਰਲੇ। ਏਥੇ (ਗੰਜਾਬੇ) ਹੀ ਲਾਸ਼ਾਰ ਤੇ ਰੰਦ ਗੋਤ ਦੇ ਕਛੀ ਬਲੋਚ ਵੀ ਆ ਕੇ ਨਾਲ ਮਿਲ ਗਏ। ਜਦ ਗੰਜਾਬੇ ਤੋਂ ਰਵਾਨਾ ਹੋਣ ਲਗੇ ਤਾਂ ਏਥੋਂ ਦਾ ਕਾਜ਼ੀ ਨੂਰ ਮੁਹੰਮਦ ਵੀ ਗਾਜ਼ੀ ਬਣਨ ਦੇ ਜੋਸ਼ ਤੇ ਚਾਅ ਵਿਚ ਨਾਲ ਰਲ ਪਿਆ। ਤੇ ਖਾਨ ਨੇ (ਮੈਨੂੰ) ਕਿਹਾ ਕਿ ਅੱਛਾ ਜੇ ਤੂੰ ਹੁਣ ਸਾਡੇ ਨਾਲ ਤੁਰ ਹੀ ਪਿਆ ਹੈਂ ਤਾਂ ਸਾਡੀ ਬਹਾਦਰੀ ਦੀ ਇਕ ਕਵਿਤਾ (ਵਾਰ) ਤਿਆਰ ਕਰ ਦੇਵੀਂ। ਬੁਢੇ ਕਾਜ਼ੀ ਨੇ, ਜਿਸ ਦੀ ਦਾੜ੍ਹੀ ਸਫੈਦ ਹੋ ਚੁਕੀ ਸੀ, ਇਸ ਗੱਲ ਨੂੰ ਮੰਨ ਲਿਆ ਤੇ ਬੇਨਤੀ ਕੀਤੀ ਕਿ ਤੂੰ ਵੀ ਇਸ ਦਾ ਮੈਨੂੰ ਸਿੱਲਾ ਬਖਸ਼ੀਂ।

ਏਥੋਂ ਚਲ ਕੇ ਅਗਲੀ ਮਨਜ਼ਲ ਮੰਝੂ ਦੇ ਮੁਕਾਮ ਤੇ ਹੋਈ। ਏਥੇ ਬਲੀਦੀ, ਰੰਦ ਤੇ ਹੋਰ ਗੋਤਾਂ ਕਬੀਲਿਆਂ ਦੇ ਬਲੋਚ, ਨਾਰੀ, ਸੁਰਾਨ, ਚਹਿਤਰ, ਲਹਿੜੀ, ਲੋਹੀ ਤੇ ਸ਼ੋਰ ਆਦਿਕ ਪਿੰਡਾਂ ਇਲਾਕਿਆਂ ਤੋਂ ਆ ਆ ਕੇ ਰਲ ਗਏ। ਮੰਝੂ ਤੋਂ ਅਗਲਾ ਪੜਾਉ ਕੰਗ ਕੀਤਾ। ਏਥੋਂ ਕੂਚ ਕਰ ਕੇ ਡੇਰਾ ਜਾਨੀ ਮੰਜ਼ਲ ਹੋਈ। ਇਸ ਜਗ੍ਹਾ ਰਹਿਮਾਨ ਖਾਨ, ਜੋ ਸ਼ਿਕਾਰ ਪੁਰ ਦਾ ਹਾਕਮ ਸੀ, ਆਣ ਮਿਲਿਆ। ਇਸ ਨੂੰ ਅਹਿਮਦ ਸ਼ਾਹ ਦਾ ਪਹਿਲਾਂ ਹੀ ਹੁਕਮ ਪਹੁੰਚ ਚੁਕਿਆ ਸੀ ਕਿ ਮੁਹੰਮਦ ਨਸੀਰ ਖਾਨ ਦੀ ਫ਼ੌਜ ਲਈ ਰਸਦ ਪਾਣੀ ਤੇ ਘੋੜਿਆਂ ਲਈ ਦਾਣੇ-ਪੱਠੇ ਦਾ ਬੰਦੋਬਸਤ ਰਖੇ।[] ਏਥੇ ਜਾਨੀ ਦੇ ਪੜਾਉ ਉਤੇ ਸਰਦਾਰ ਗਹਿਰਾਮ ਖਾਨ ਮਗਸੀ ਤੇ ਲਾਸ਼ਾਰੀਆਂ (ਗੋਤਾਂ) ਦੀ ਫ਼ੌਜ ਲੈ ਕੇ ਨਾਲ ਰਲਣ ਲਈ ਹਾਜ਼ਰ ਹੋਇਆ। (ਚਲਦਾ)

[]ਰਹਿਮਾਨ ਖਾਨ ਨੇ ਅਹਿਮਦਸ਼ਾਹ ਦੇ ਹੁਕਮ ਤਹਿਤ ਰਸਦ-ਪੱਠੇ ਦਾ ਡੇਰਾ ਜਾਨੀ ਬੰਦੋਬਸਤ ਕੀਤਾ ਹੈ। ਸ਼ਿਕਾਰ ਪੁਰੋਂ ਕਾਫੀ ਅਗੇ ਆ ਕੇ। ਏਥੋਂ ਮਲੂਮ ਹੁੰਦਾ ਹੈ ਕਿ ਡੇਰਾ ਜਾਨੀ ਅਹਿਮਦਸ਼ਾਹ ਦੇ ਇਲਾਕੇ ਵਿਚ ਹੈ ਤੇ ਇਸ ਤੋਂ ਅਗੇ ਹੁਣ ਅਹਿਮਦ ਸ਼ਾਹ ਦਾ ਇਲਾਕਾ ਚਲ ਪੈਂਦਾ ਹੈ।

## ਪਾਠਕਾਂ ਪ੍ਰਤੀ ਬੇਨਤੀਆਂ


੧. ਅਸੀਂ ਬਾਰ ਬਾਰ ਬੇਨਤੀ ਕਰਦੇ ਹਾਂ ਕਿ ਚਿਠੀ ਪਤਰ ਤੇ ਮਨੀਆਰਡਰ ਭੇਜਣ ਸਮੇਂ ਆਪਣਾ ਚਿਟ ਨੰਬਰ ਤੇ ਪੂਰਾ ਪਤਾ ਜ਼ਰੂਰ ਲਿਖੋ। **ਹਰ ਮਹੀਨੇ ਪਰਚੇ ਉਤੇ ਤੁਹਾਡੇ ਐਡਰੈਸ ਨਾਲ ਚਿਟ ਨੰਬਰ ਲਿਖਿਆ ਹੁੰਦਾ ਹੈ। ਨੋਟ ਕਰੋ।**

੨. ਸਭ ਪਾਠਕਾਂ ਦੇ ਐਡਰੈਸ ਚੈਕ ਕਰ ਕੇ ਹਰ ਮਹੀਨੇ ਸਾਰੇ ਪਰਚੇ ਡਾਕ ਵਿਚ ਇਕੱਠੇ ਭੇਜਦੇ ਹਾਂ। ਜਿਸ ਕਿਸੇ ਨੂੰ ਪਰਚਾ ਨਹੀਂ ਪੁਜਦਾ, ਉਹ ਡਾਕ ਵਿਚ ਗੁੰਮ ਹੁੰਦਾ ਹੈ। ਡਾਕ ਵਿਚੋਂ ਕਾਫ਼ੀ ਪਰਚੇ ਚੋਰੀ ਹੋ ਜਾਂਦੇ ਹਨ। ਜਿਸ ਕਿਸੇ ਨੂੰ ਨਾ ਪਹੁੰਚੇ ਉਹ ਉਸੇ ਮਹੀਨੇ ਲਿਖ ਭੇਜੇ, ਦੁਬਾਰਾ ਭੇਜ ਦਿਆਂਗੇ।

੩. ਛਪਣ ਵਾਲੇ-ਪ੍ਰੋਗਰਾਮ ਹਰ ਮਹੀਨੇ ੨੦ ਤਰੀਕ ਤੋਂ ਪਹਿਲਾਂ ਪੁਜਣੇ ਜ਼ਰੂਰੀ ਹਨ।

੪. ਪਤਾ ਬਦਲਣ ਦੀ ਸੂਚਨਾ ੨੦ ਤਰੀਕ ਤਕ ਦੇ ਦਿਤੀ ਜਾਏ।

੫. ਚੰਦਾ ਖਤਮ ਹੋਣ ਦੀ ਪਰਚੇ ਪਿਛੇ ਲਗੀ ਮੋਹਰ ਨੂੰ ਵੇਖਦੇ ਸਾਰ ਆਪਣਾ ਚੰਦਾ ਭੇਜ ਦਿਓ ਜੀ।


www.AKJ.Org

Kendri Office :

# AKHAND KIRTANI JATHA

## Bazar Mai Sewan, Kucha Chattar Singh, Amritsar.

Dear Khalsa Ji,

Waheguru ji ka Khalsa Waheguru ji ki Fateh

I enclose herewith a copy of the letter which I have been constrained to write to S. Harbhajan Singh Yogi of America. This has been necessitated as a result of an absurd letter got written by him from one of the Mukhya Singhs of his formation to the President, Shiromni Gurdwara Prabandhak Committee. In this letter un-called for and baseless accusations have been hurled on Bhai Joginder Singh Talwara. Bhai Sahib has sent a detailed letter to the President S. G. P. C. in this regard.

The actual back-ground of the issue is as under :

(i) Bibi Gurugun Kaur Khalsa of America took Amrit at the Samagam held by the Akhand Kirtani Jatha wherby she was imparted the knowledge of Gurmat. S Harbhajan Singh Yogi requires his American sikhs to blindly follow his self-styled teachings and cannot tolerate anybody following gurmat.

(ii) Yogi Harbhajan Singh visited India during February 1980. Bhai Joginder Singh met president S.G.P.C., Jathedar Sahib Sri Akal Takhat and Head Granthi Sahib Sri Darbar Sahib explaining them that some sikhs in India and abroad had some genuine doubts about Yogi Harbhajan Singh's system of preaching Sikhism in the West vis-a-vis his linking Kundalini Yoga & Tantric Yoga with Sikhism. He stressed upon the aforesaid dignatories of Khalsa Panth that a clarification in this regard may be obtained from Yogi Harbhajan Singh, so that mutual trust and understanding could develop among all sikhs with resultant Charhdi Kala of Khalsa Panth.

The views and demand of Bhai Joginder Singh were quite justified and genuine and were made in good faith, without prejudice to anyone. It is not known why S. Harbhajan Singh took it as offensive against him. In a private meeting at Amritsar with some people including a few members of the Akhand Kirtani Jatha he threatened :

"Ask your Joginder Singh to desist from propaganda against me or other-wise I know how to deal with him."

In the fit of frustration he has cooked up false allegations against Bhai Joginder Singh. It is unfortunate that Yogi ji has stooped so low and has resorted to such undesirable and base tactics to cover up his own lapses and failings.

The accusations are un-founded and frivolous. As such, Yogi Harbhajan Singh has been requested to come alongwith relevant material to Sri Akal Takhat Sahib, the highest Seat of Authority in sikhism, so that it may be possible for the Panth to bring out TRUTH.

The Akhand Kirtani Jatha has all along been appreciative of the devotion of Khalsa in India, America and other countries of the world and in its humble way, has been contributing in affording help to the Khalsa brothers and sisters in their learning Gurbani Kirtan, Gurbani pronunciation and its meaning. Everybody knows that Bhai Joginder Singh has been instrumental in doing this Seva. The Jatha will continue sharing this Divine Treasure with the Khalsa as heretofore.

This letter simply aims at apprising you of the intentions and motives of S. Harbhajan Singh Yogi, which are seriously detrimental to the Khalsa Panth.

May Satguru bless His Khalsa.

Humble Sewadar of Khalsa
Ram Singh Jathedar, Akhand Kirtani Jatha

www.AKJ.Org

No. AKJ/101/6 Dated 16th March, 1980

Sardar Harbhajan Singh Ji

Waheguru ji ka Khalsa Waheguru ji ki Fateh

I refer to the letter dated 28-2-1980 of your Mukhia Singh Sahib Wahe Guru Singh of New Mexico in connection with the alleged relationship between Bhai Joginder Singh Ji and Guru Gun Kaur Khalsa, addressed to the president, Shiromni Gurdwara Parbandhak Committee, and copy sent to me.

I am deeply pained and extreemly surprised to have gone through its contents. Bhai Joginder Singh Ji is widely known as a man of sterling pure character devoted to religious service and preaching of Gurbani and Kirtan for years even at the cost of his health. Nothing could be farther from truth than the aspersions cast on him. This is uncalled for and mischievious; and is apparently shot out to cover up some-one's own failings. A mukhia Singh from your Subordinate Formation cannot dare originate such a letter to the President of S.G.P.C. without your consent. Even otherwise, responsibility for this letter squarely rests on your shoulders being Head of the Formation. You have also sinned in involving a simple and pure American Soul of Guru Gun Kaur in the cooked up matter.

In order to arrive at the truth of this sad allegation, I would request you to send me Photostat copies of the emotional letters alleged to have been written by Bhai Joginder Singh Ji. This is a must in arriving at any conclusion.

We are posted with a number of serious complaints levelled against you reflecting on your character and your ways of propagating Sikh Dharma in the West. Time and again you have been run down in the press. Dr. Trilochan Singh has thoroughly exposed you in a book published by him quoting from your own writings. You have swallowed all this without shaking your little finger against this. We have all along been ignoring this hoping that some day Good sence will prevail as the intelligent American Sikhs will themselves see what is right and what is wrong in the light of Gurbani. But you seem to be in a desperate hurry to keep them in the dark lest they should realise where you stand vis-a-vis the real Sikh Dharma. This coocked up episode requires the presence of Bhai Joginder Singh and yourself at Sri Akal Takhat Sahib, Amritsar so that the truth can be ascertained and a severe disciplinary action taken against the guilty or the liar as the case may be. This is highly desirable in the interest and fare name of all concerned and also in the interest of Sikh Panth.

The Akhand Kirtani Jatha has been and, always, will remain helpfully appreciative of the Khalsa in India, America and other countries as long as they truly follow Sri Guru Granth Sahib and not tread the whims and fancies of self-interested individuals who may like to establish their hold on the Sikhs to further their own interests. We believe only in Guru Sahib's cult

Hoping fervently to hear from you on the subject at the earliest.

Humbly yours,

Sd/- (Ram Singh) Jathedar Akhand Kirtani Jatha

P.S. I hereby alert all members of Akhand Kirtani Jatha to be aware of motives of Sardar Harbhajan Singh Ji Yogi of America till such time he is cleared as believable by our Central office.

CC : Sardar Gurcharan Singh Ji Tohra, President S.G.P.C. with reference to letter from S. Waheguru Singh Khalsa of Mexico to his address.

www.AKJ.Org

# ਜੋਗੀ ਹਰਭਜਨ ਸਿੰਘ ਜੀ ਦੇ ਹਥ-ਕੰਡਿਆਂ ਤੋਂ ਬਚਣ ਦੀ ਲੋੜ

ਹੇਠਾਂ ਅੰਗ੍ਰੇਜ਼ੀ ਦੇ ਉਸ ਪੱਤਰ ਦਾ ਪੰਜਾਬੀ ਵਿਚ ਉਤਾਰਾ ਦਿੱਤਾ ਜਾ ਰਿਹਾ ਹੈ ਜੋ ਜੋਗੀ ਹਰਭਜਨ ਸਿੰਘ ਨੂੰ ਲਿਖਿਆ ਗਿਆ ਹੈ। ਇਹ ਪੱਤਰ ਉਸ ਚਿੱਠੀ ਦੇ ਉੱਤਰ ਵਿਚ ਲਿਖਿਆ ਗਿਆ ਜੋ ਜੋਗੀ ਹੁਰਾਂ ਨੇ ਆਪਣੀ ਸੰਸਥਾ ਦੇ ਮੁਖੀਏ ਸਿੰਘ ਵਾਹਿਗੁਰੂ ਸਿੰਘ ਪਾਸੋਂ ਸ਼੍ਰੋ: ਗੁ: ਪ੍ਰ: ਕਮੇਟੀ ਦੇ ਪਰਧਾਨ ਦੇ ਨਾਮ ਲਿਖਵਾਈ ਤੇ ਜਿਸ ਵਿਚ ਭਾਈ ਜੋਗਿੰਦਰ ਸਿੰਘ ਜੀ ਦੇ ਵਿਰੁਧ ਦੂਸ਼ਨ ਲਾਇਆ ਗਿਆ ਕਿ ਉਨ੍ਹਾਂ ਨੇ ਅਮ੍ਰੀਕਨ ਜਥੇ ਦੀ ਭਾਰਤ-ਯਾਤਰਾ ਸਮੇਂ ਇਸ ਵਾਰੀ ਬਾਕੀ ਯਾਤਰੀਆਂ ਨੂੰ ਕੀਰਤਨ ਸਿਖਲਾਣ ਤੋਂ ਸੰਕੋਚ ਕੀਤਾ ਅਤੇ ਕੇਵਲ ਬੀਬੀ ਗੁਰੂ ਗੁਨ ਕੌਰ ਖਾਲਸਾ ਨੂੰ ਹੀ ਕੀਰਤਨ ਸਿਖਲਾਇਆ ਅਤੇ ਉਹ ਵੀ ਆਪਣੇ ਪ੍ਰਾਈਵੇਟ ਕਮਰੇ ਵਿਚ, ਕਿਉਂਕਿ ਉਸ ਬੀਬੀ ਨਾਲ ਭਾਈ ਸਾਹਿਬ ਦੇ ਭਾਵਕ ਸੰਬੰਧ ਸਨ ਅਤੇ ਉਸ ਬੀਬੀ ਨੂੰ ਭਾਈ ਸਾਹਿਬ ਨੇ ਭਾਵਕ ਪੱਤਰ ਵੀ ਲਿਖੇ ਹਨ।

ਇਹ ਕੂੜੀ ਅਤੇ ਕੋਝੀ ਚਿੱਠੀ ਜੋਗੀ ਜੀ ਨੇ ਗਿਣੀ ਮਿਥੀ ਸਾਜ਼ਸ਼ ਦੇ ਅਧੀਨ ਲਿਖਵਾਈ ਹੈ। ਇਸ ਦਾ ਉਤਰ ਭਾਈ ਜੋਗਿੰਦਰ ਸਿੰਘ ਜੀ ਵਲੋਂ ਪ੍ਰਧਾਨ ਸ਼੍ਰੋ: ਗੁ: ਪ੍ਰ: ਕਮੇਟੀ ਨੂੰ ਭੇਜ ਦਿੱਤਾ ਗਿਆ ਹੈ। ਇਹ ਚਿੱਠੀ ਲਿਖਾਈ ਜਾਣ ਦਾ ਕਾਰਨ ਤੇ ਮੰਤਵ ਕੁਝ ਹੋਰ ਹੈ। ਉਹ ਇਹ ਕਿ ਜੋਗੀ ਜੀ ਜਨਵਰੀ ੧੯੮੦ ਵਿਚ ਭਾਰਤ ਆਏ। ਭਾਈ ਜੋਗਿੰਦਰ ਸਿੰਘ ਜੀ ਨੇ ਜਥੇਦਾਰ ਸਾਹਿਬ ਸ੍ਰੀ ਅਕਾਲ ਤਖਤ ਸਾਹਿਬ, ਹੈੱਡ ਗ੍ਰੰਥੀ ਸਾਹਿਬ ਸ੍ਰੀ ਦਰਬਾਰ ਸਾਹਿਬ ਅਤੇ ਪ੍ਰਧਾਨ ਸਾਹਿਬ ਸ਼੍ਰੋ: ਗੁ: ਪ੍ਰ: ਕਮੇਟੀ ਸਾਰਿਆਂ ਤੇ ਇਹ ਜ਼ੋਰ ਪਾਇਆ ਕਿ ਜੋਗੀ ਜੀ ਦੇ ਪੱਛਮ ਦੇਸਾਂ ਵਿਚ ਸਿਖੀ ਪਰਚਾਰ-ਢੰਗ ਬਾਰੇ ਪੰਥ ਵਿਚ ਕਈਆਂ ਨੂੰ ਬੜੇ ਭਾਰੇ ਸੰਸੇ ਤੇ ਤੌਖਲੇ ਹਨ। ਇਸ ਲਈ ਪੰਥਕ ਹਿਤ ਇਹ ਮੰਗ ਕਰਦਾ ਹੈ ਕਿ ਜੋਗੀ ਜੀ ਤੋਂ ਬੜੇ ਪ੍ਰੇਮ-ਪਿਆਰ ਪੂਰਬਕ ਇਸ ਬਾਰੇ ਸਪੱਸ਼ਟੀਕਰਣ ਲੈ ਲਿਆ ਜਾਵੇ, ਤਾਂ ਜੁ ਸਭ ਦੇ ਸ਼ਕ-ਸ਼ੁਭੇ ਦੂਰ ਹੋ ਜਾਣ ਤੇ ਇਸ ਦੇ ਫਲ-ਸਰੂਪ ਪਰਸਪਰ ਪ੍ਰੇਮ ਤੇ **ਵਿਸ਼ਵਾਸ** ਵਧੇ ਅਤੇ ਪੰਥ ਦੀ ਚੜ੍ਹਦੀ ਕਲਾ ਹੋਵੇ। ਮੰਗ ਬੜੀ ਹੱਕੀ ਤੇ ਯੋਗ ਸੀ। ਪਰ ਪਤਾ ਨਹੀਂ ਕਿਉਂ, ਯੋਗੀ ਜੀ ਨੂੰ ਇਸ ਤੇ ਚਿਹ ਚੜ੍ਹੀ। ਉਨ੍ਹਾਂ ਨੇ ਅਖੰਡ ਕੀਰਤਨੀ ਜਥੇ ਅਤੇ ਭਾਈ ਜੋਗਿੰਦਰ ਸਿੰਘ ਜੀ ਦੇ ਵਿਰੁਧ ਏਥੇ ਬਹੁਤ ਅਬਾ ਤਬਾ ਬੋਲਿਆ, ਅਤੇ ਜਾਂਦੀ ਵਾਰੀ ਅਖੰਡ ਕੀਰਤਨੀ ਜਥੇ ਦੇ ਕੁਝ ਵਿਅਕਤੀਆਂ ਨੂੰ ਦਬਕਾ ਮਾਰ ਕੇ ਆਖਿਆ, "**ਆਪਣੇ ਜੋਗਿੰਦਰ ਸਿੰਘ ਨੂੰ ਸਮਝਾ ਲੈ ਕਿ ਸਾਡੇ ਵਿਰੁਧ ਕਾਰਵਾਈਆਂ ਕਰਨ ਤੋਂ ਬਾਜ਼ ਆ ਜਾਏ, ਨਹੀਂ ਤੇ ਮੈਂ ਸਿਝਣਾ ਜਾਣਦਾ ਹਾਂ।**"

ਬੀਬੀ ਗੁਰੂ ਗੁਨ ਕੌਰ ਦਾ ਇਹ ਦੋਸ਼ ਹੈ ਕਿ ਉਸ ਨੇ ਅਖੰਡਕੀਰਤਨੀ ਜਥੇ ਦੇ ਸਮਾਗਮ ਤੇ ਪੇਸ਼ ਹੋ ਕੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਪਾਨ ਕੀਤਾ। ਜਿਸ ਦੇ ਸਿਰ ਸਦਕੇ ਉਸ ਨੂੰ ਗੁਰਮਤਿ ਦੀ ਸੋਝੀ ਹੋਈ। ਸੱਚ, ਝੂਠ ਅਤੇ ਠੀਕ ਗਲਤ ਵਿਚ ਨਿਰਣਾ ਕਰਨ ਦੀ ਸੂਝ ਆ ਗਈ। ਇਸ ਸੂਝ ਦੀ ਵਰਤੋਂ ਉਸ ਨੇ ਅਮ੍ਰੀਕਾ ਜਾ ਕੇ ਨਿਤ ਦੇ ਜੀਵਨ ਵਿਚ ਜਦੋਂ ਕੀਤੀ ਤਾਂ ਇਹ ਗੱਲ ਜੋਗੀ ਜੀ ਨੂੰ ਸੁਖਾਈ ਨਹੀਂ। ਅਤੇ ਉਹ ਹੋਛੇ ਹਥਿਆਰਾਂ ਤੇ ਉਤਰ ਆਏ।

ਮੇਰੇ ਨੋਟਿਸ ਵਿਚ ਆਇਆ ਹੈ ਕਿ ਅਖੰਡ ਕੀਰਤਨੀ ਜਥੇ ਦੇ ਕੁਝ ਵਿਅਕਤੀ ਸ਼ਸਤਰਾਂ ਨਾਲ ਲੈਸ ਹੋ ਕੇ ਜੋਗੀ ਜੀ ਦੀ ਰਖਵਾਲੀ ਕਰਨ ਲਈ ਉਨ੍ਹਾਂ ਨਾਲ ਥਾਉਂ ਥਾਈਂ ਵਿਚਰਦੇ ਰਹੇ ਅਤੇ ਜੋਗੀ ਜੀ ਵਲੋਂ ਜਥੇ ਵਿਰੁਧ, ਕ੍ਰੋਧ ਅਤੇ ਅਹੰਕਾਰ ਭਰੇ ਬੋਲੇ ਗਏ ਬੋਲ ਭੀ ਉਨ੍ਹਾਂ ਨੂੰ ਸੁਣਨੇ ਹੀ ਪਏ। ਇਕ ਗਲੋਂ ਇਹ ਚੰਗਾ ਹੀ ਹੋਇਆ ਕਿ ਜਿਹੜੇ ਜਥੇ ਦੇ ਭੁਝੰਗੀ ਜੋਗੀ ਜੀ ਨਾਲ ਉਨ੍ਹਾਂ ਦੀ ਰਖਵਾਲੀ ਹਿਤ ਉਨ੍ਹਾਂ ਨਾਲ ਵਿਚਰਦੇ ਰਹੇ ਉਨ੍ਹਾਂ ਨੇ ਆਪਣੀ ਅਖੀਂ ਸਭ ਕੁਝ ਦੇਖ ਲਿਆ ਅਤੇ ਕੰਨੀ ਜੋਗੀ ਜੀ ਨੂੰ ਸੁਣ ਕੇ ਉਨ੍ਹਾਂ ਦੀ ਜ਼ਹਿਨੀਅਤ ਨੂੰ ਚੰਗੀ ਤਰ੍ਹਾਂ ਸਮਝ ਲਿਆ ਹੈ। ਅਗਾਂਹ ਤੋਂ ਉਹ ਜੋਗੀ ਜੀ ਦੇ ਨੇੜੇ ਨਹੀਂ ਫਟਕਦੇ।

ਇਸ ਲਈ ਦਾਸ ਦਾ ਫ਼ਰਜ਼ ਬਣ ਜਾਂਦਾ ਹੈ ਕਿ ਸਾਰੇ ਅਖੰਡ ਕੀਰਤਨੀ ਜਥੇ ਨੂੰ ਸਾਰੀ ਸਥਿਤੀ



www.AKJ.Org

ਬਾਰੇ ਸੂਚਤ ਕਰਾਂ ਕਿ ਉਹ ਜੋਗੀ ਹਰਭਜਨ ਸਿੰਘ ਜੀ ਦੀਆਂ ਕੁਟਲ ਚਾਲਾਂ ਤੋਂ ਖ਼ਬਰਦਾਰ ਰਹਿਣ ਅਤੇ ਉਨ੍ਹਾਂ ਦੀ ਫ਼ਾਰਮੇਸ਼ਨ ਵਲੋਂ ਆਈਆਂ ਲਿਖਤਾਂ ਨੂੰ ਭਰੋਸੇ-ਯੋਗ ਨਾ ਸਮਝਣ, ਜਿੰਨੀ ਦੇਰ ਤਕ ਜੋਗੀ ਹਰਭਜਨ ਸਿੰਘ ਹੁਰਾਂ ਨੂੰ ਅਖੰਡ ਕੀਰਤਨੀ ਜਥੇ ਦੇ ਕੇਂਦਰੀ ਦਫਤਰ ਵਲੋਂ ਭਰੋਸੇ ਯੋਗ ਵਿਅਕਤੀ ਕਰਾਰ ਨਹੀਂ ਦਿੱਤਾ ਜਾਂਦਾ।

ਖਾਲਸਾ ਜੀ ਦਾ ਸੇਵਕ—
ਰਾਮ ਸਿੰਘ

## ਕੇਂਦਰੀ ਦਫਤਰ ਅਖੰਡ ਕੀਰਤਨੀ ਜਥਾ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

16.3.80

ਸ: ਹਰਭਜਨ ਸਿੰਘ ਜੀ,

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹ।

ਮੈਂ ਇਹ ਚਿਠੀ ਉਸ ਪੱਤਰ ਦੇ ਸੰਬੰਧ ਵਿਚ ਲਿਖ ਰਿਹਾ ਹਾਂ ਜੋ ਆਪ ਦੇ ਮੁਖੀਆ ਸਿੰਘ ਵਾਹਿਗੁਰੂ ਸਿੰਘ ਜੀ ਨੇ ਪ੍ਰਧਾਨ ਸਾਹਿਬ ਸ਼੍ਰੋ: ਗੁ: ਪ੍ਰ: ਕਮੇਟੀ ਦੇ ਨਾਮ ਭਾਈ ਸਾਹਿਬ ਜੋਗਿੰਦਰ ਸਿੰਘ ਜੀ ਅਤੇ ਬੀਬੀ ਗੁਰੂ ਗੁਨ ਕੌਰ ਖਾਲਸਾ ਦੇ ਕਥਿਤ ਸੰਬੰਧ ਬਾਰੇ ਲਿਖੀ ਹੈ ਅਤੇ ਜਿਸ ਦੀ ਕਾਪੀ ਮੈਨੂੰ ਭੀ ਭੇਜੀ ਗਈ ਹੈ।

ਇਸ ਚਿਠੀ ਨੂੰ ਪੜ੍ਹ ਕੇ ਮੈਨੂੰ ਵਡੀ ਹੈਰਾਨੀ ਅਤੇ ਡੂੰਘਾ ਦੁਖ ਹੋਇਆ ਹੈ। ਭਾਈ ਜੋਗਿੰਦਰ ਸਿੰਘ ਜੀ ਬਾਰੇ ਆਮ ਸਭ ਨੂੰ ਨਿਸਚਾ ਹੈ ਕਿ ਉਹ ਪ੍ਰਪਕ ਤੇ ਸੁਚੇ ਆਚਰਨ ਵਾਲਾ ਵਿਅਕਤੀ ਹੈ, ਜੋ ਕਈ ਸਾਲਾਂ ਤੋਂ ਪੂਰੀ ਸ਼ਰਧਾ ਤੇ ਲਗਨ ਨਾਲ ਗੁਰਬਾਣੀ ਦੇ ਪਰਚਾਰ ਅਤੇ ਕੀਰਤਨ ਸਿਖਾਣ ਦੀ ਸੇਵਾ ਕਰਦਾ ਆ ਰਿਹਾ ਹੈ, ਭਾਵੇਂ ਇਸ ਕਰੜੀ ਘਾਲਣਾ ਲਈ ਉਸਨੂੰ ਆਪਣੀ ਸਿਹਤ ਦੀ ਕੀਮਤ ਦੇਣੀ ਪੈਂਦੀ ਹੈ।

ਭਾਈ ਸਾਹਿਬ ਤੇ ਦੂਸ਼ਣ ਲਾਉਣੇ ਸੱਚ ਨੂੰ ਤਿਲਾਂਜਲੀ ਦੇਣ ਤੁਲ ਹੈ। ਆਪ ਜੀ ਦੀ ਸੰਸਥਾ ਦਾ ਇਹ ਕਰਤਵ ਫ਼ਜ਼ੂਲ ਹੈ ਅਤੇ ਸ਼ਰਾਰਤ ਭਰਿਆ ਕੋਝਾ ਹਮਲਾ ਹੈ, ਜੋ ਕਿ ਕਿਸੇ ਵਲੋਂ ਆਪਣੀਆਂ ਨਿਜੀ ਤਰੁੱਟੀਆਂ ਅਤੇ ਕੁਰੀਤੀਆਂ ਛਪਾਉਣ ਲਈ ਕੀਤਾ ਗਿਆ ਹੈ। ਆਪ ਜੀ ਦੀ ਸੰਸਥਾ ਮਾਤਹਿਤ ਇਕ ਮੁਖੀਆ ਸਿੰਘ ਤੁਹਾਡੀ ਆਗਿਆ ਤੋਂ ਬਗੈਰ ਅਜਿਹਾ ਪੱਤਰ ਸ਼੍ਰੋ: ਗੁ: ਪ੍ਰ: ਕਮੇਟੀ ਦੇ ਪਰਧਾਨ ਨੂੰ ਲਿਖਣ ਦਾ ਹੀਆ ਨਹੀਂ ਕਰ ਸਕਦਾ। ਕੁਝ ਵੀ ਹੋਵੇ, ਉਸ ਦੀ ਅਜਿਹੀ ਕਾਰਵਾਈ ਦੀ ਜ਼ਿਮੇਵਾਰੀ ਸੰਸਥਾ ਦੇ ਮੁਖੀ ਹੋਣ ਦੇ ਨਾਤੇ ਤੁਹਾਡੇ ਤੇ ਹੀ ਆਉਂਦੀ ਹੈ। ਗੁਰੂ ਗੁਨ ਕੌਰ ਵਰਗੀ ਪਵਿਤਰ ਆਤਮਾ ਵਾਲੀ ਅਮਰੀਕਨ ਗੁਰਸਿਖ ਬੀਬੀ ਨੂੰ ਇਸ ਮਨ-ਘੜਤ ਮਸਲੇ ਵਿਚ ਅਜਾਈਂ ਲਪੇਟ ਕੇ, ਤੁਸਾਂ ਘੋਰ ਅਪਰਾਧ ਕੀਤਾ ਹੈ।

ਭਾਈ ਸਾਹਿਬ ਜੀ ਬਾਰੇ ਲਾਏ ਗਏ ਦੂਸ਼ਨਾਂ ਬਾਰੇ ਅਸਲੀਅਤ ਤੇ ਪੁਜਣ ਲਈ ਮੈਂ ਬਿਨੈ ਕਰਦਾ ਹਾਂ ਕਿ ਉਹਨਾਂ ਜਜ਼ਬਾਤੀ ਚਿਠੀਆਂ, ਜੋ ਭਾਈ ਜੋਗਿੰਦਰ ਸਿੰਘ ਜੀ ਵਲੋਂ ਲਿਖੀਆਂ ਕਹੀਆਂ ਜਾਂਦੀਆਂ ਹਨ, ਉਹਨਾਂ ਦੀ ਫੋਟੋ-ਸਟੈਟ ਕਾਪੀ ਮੈਨੂੰ ਭੇਜੀ ਜਾਵੇ। ਕਿਸੇ ਠੀਕ ਸਿਟੇ ਤੇ ਪੁਜਣ ਵਾਸਤੇ ਇਹ ਅਤਿ ਜ਼ਰੂਰੀ ਹੈ।

ਇਧਰ ਭੀ ਆਪ ਜੀ ਦੇ ਵਿਰੁਧ ਕਈ ਇਕ ਗੰਭੀਰ ਦੂਸ਼ਨ-ਪਤਰ ਪੁਜੇ ਹਨ ਜਿਨ੍ਹਾਂ ਦਾ ਸੰਬੰਧ ਤੁਹਾਡੇ ਨਿਜੀ ਆਚਰਨ ਨਾਲ ਅਤੇ ਪੱਛਮ ਵਿਚ ਸਿੱਖ ਧਰਮ ਨੂੰ ਪਰਚਾਰੇ ਜਾਣ ਵਿਚ ਵਰਤੀ ਜਾ ਰਹੀ ਵਿਧੀ ਨਾਲ ਹੈ। ਬਹੁਤ ਵਾਰੀ ਆਪ ਜੀ ਨੂੰ ਪ੍ਰੈਸ ਵਿਚ ਖੁਲ੍ਹੇ ਤੌਰ ਤੇ ਭੰਡਿਆ ਗਿਆ ਹੈ। ਡਾਕਟਰ ਤ੍ਰਿਲੋਚਨ ਸਿੰਘ ਨੇ ਤਾਂ ਇਕ ਪੂਰੀ ਪੁਸਤਕ ਲਿਖ ਕੇ ਤੁਹਾਡੇ ਪਰਪੰਚ ਦਾ ਭਾਂਡਾ, ਤੁਹਾਡੀਆਂ ਆਪਣੀਆਂ ਲਿਖਤਾਂ ਦੇ ਅਧਾਰ ਤੇ, ਚੁਰਾਹੇ ਭੰਨਿਆ ਹੈ। ਪਰ ਤੁਸੀਂ ਹੋ ਕਿ ਆਪਣੇ ਵਿਰੁਧ ਸਭ ਕਾਸੇ ਨੂੰ ਡੀਕ ਲਾ ਕੇ ਪੀ ਗਏ ਹੋ ਅਤੇ ਇਸ ਸੰਬੰਧੀ ਬਿਰਕੇ ਤਕ ਨਹੀਂ। ਅਸੀਂ ਸਦਾ ਇਹਨਾਂ ਗੱਲਾਂ ਨੂੰ ਇਸ ਉਮੀਦ ਤੇ ਨਜ਼ਰੋਂ ਓਹਲੇ ਕਰਦੇ ਰਹੇ ਕਿ ਕੋਈ ਦਿਨ ਆਏਗਾ ਜਦੋਂ ਆਪੇ ਸੁਮੱਤ ਆ ਜਾਵੇਗੀ, ਕਿਉਂਕਿ ਸੁਘੜ ਤੇ ਸਿਆਣੇ ਅਮ੍ਰੀਕਨ ਸਿੰਘਾਂ ਨੂੰ ਗੁਰਬਾਣੀ ਦੀ ਰੋਸ਼ਨੀ ਵਿਚ ਆਪਣੇ ਆਪ ਸੋਝੀ ਆ ਜਾਵੇਗੀ ਕਿ ਗਲਤ ਕੀ ਹੈ ਅਤੇ ਠੀਕ ਕੀ। ਪਰ ਆਪਣੀਆਂ ਕਰਤੂਤਾਂ ਲੁਕਾਉਣ ਦੀ ਭਜ-ਦੌੜ ਵਿਚ ਤੁਹਾਨੂੰ ਹੱਥਾਂ ਪੈਰਾਂ ਦੀ ਪੈ ਗਈ ਹੈ। ਤੇ ਤੁਸੀਂ ਅਮ੍ਰੀਕਨ



www.AKJ.Org

ਸਿੰਘਾਂ ਨੂੰ ਅੰਨ੍ਹੇਰੇ ਵਿਚ ਰਖਣਾ ਚਾਹੁੰਦੇ ਹੋ ਕਿ ਕਿਧਰੇ ਉਹ ਦੇਖ ਨਾ ਲੈਣ ਕਿ ਸਿੱਖ ਧਰਮ ਦੀ ਆਪਣੀ ਅਸਲੀਅਤ ਕੀ ਹੈ ਅਤੇ ਉਸ ਵਿਚ ਤੁਸੀਂ ਕਿਥੇ ਖੜੇ ਹੋ।

ਤੁਹਾਡੇ ਵਲੋਂ ਘੜੀ ਗਈ ਇਹ ਗਿਣੀ ਮਿਥੀ ਸਾਜ਼ਸ਼ ਇਹ ਮੰਗ ਕਰਦੀ ਹੈ ਕਿ ਭਾਈ ਸਾਹਿਬ ਜੋਗਿੰਦਰ ਸਿੰਘ ਜੀ ਅਤੇ ਆਪ ਜੀ (ਭਾ: ਹਰਭਜਨ ਸਿੰਘ ਜੀ) ਅੰਮ੍ਰਿਤਸਰ ਸ੍ਰੀ ਅਕਾਲ ਤਖਤ ਤੇ ਪੇਸ਼ ਹੋ ਕੇ ਆਪਣੀ ਆਪਣੀ ਸਫਾਈ ਪੇਸ਼ ਕਰੋ ਤਾਕਿ ਝੂਠ ਸੱਚ ਦਾ ਨਿਤਾਰਾ ਕੀਤਾ ਜਾ ਸਕੇ ਅਤੇ ਜੋ ਵੀ ਕਸੂਰਵਾਰ ਅਤੇ ਝੂਠਾ ਸਾਬਤ ਹੋਵੇ, ਉਸ ਵਿਰੁਧ ਕਰੜੀ ਕਾਰਵਾਈ ਕੀਤੀ ਜਾਵੇ। ਅਜਿਹੀ ਕਾਰਵਾਈ ਦੋਨਾਂ ਧਿਰਾਂ ਦੀ ਸਫ਼ਾਈ ਲਈ ਅਤੇ ਪੰਥ ਦੀ ਆਨ ਸ਼ਾਨ ਲਈ ਅਤਿ ਜ਼ਰੂਰੀ ਹੈ।

ਅਖੰਡ ਕੀਰਤਨੀ ਜਥਾ ਭਾਰਤ ਵਿਚ ਅਤੇ ਭਾਰਤ ਤੋਂ ਬਾਹਰਲੇ ਅਮਰੀਕਾ ਅਤੇ ਹੋਰ ਦੇਸ਼ਾਂ ਵਿਚ ਵਸਦੇ ਸਰਬੱਤ ਖਾਲਸਾ ਜੀ ਦਾ ਸੇਵਕ-ਭਾਵਨਾ ਵਾਲਾ ਪ੍ਰਸ਼ੰਸਕ ਰਿਹਾ ਹੈ ਅਤੇ ਸਦਾ ਰਹੇਗਾ; ਪਰ ਓਦੋਂ ਤਕ ਜਦ ਤਕ ਉਹ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਦਰਸਾਏ ਹੋਏ ਮਾਰਗ ਦੇ ਪਾਂਧੀ ਰਹਿਣਗੇ, ਅਤੇ ਕਿਸੇ ਅਜਿਹੇ ਬੰਦੇ ਦੇ ਪੈਰੋਕਾਰ ਨਹੀਂ ਬਣਦੇ ਜਿਹੜਾ ਆਪਣੀ ਮਨਮਤਿ ਚਲਾਵੇ ਅਤੇ ਆਪਣੀ ਪੁਜ਼ੀਸ਼ਨ ਕਾਇਮ ਕਰਨ ਲਈ ਗੁਰਸਿਖੀ ਅਤੇ ਗੁਰਸਿੱਖਾਂ ਨੂੰ ਹੱਥ-ਠੋਕੇ ਦੇ ਤੌਰ ਤੇ ਵਰਤਣ ਦੀ ਕੋਸ਼ਸ਼ ਕਰੇ। ਅਸੀਂ ਤਾਂ ਸਤਿਗੁਰਾਂ ਦੁਆਰਾ ਦ੍ਰਿੜ੍ਹਾਈ ਗੁਰਮਤਿ ਦੇ ਕਾਇਲ ਹਾਂ।

ਇਸ ਸੰਬੰਧੀ ਤੁਹਾਡੇ ਪਤਰ ਦੀ ਛੇਤੀ ਉਮੀਦ ਰਖਦਾ ਹਾਂ।

ਨਿੰਮ੍ਰਤਾ ਸਹਿਤ ਆਪ ਦਾ
ਰਾਮ ਸਿੰਘ ਜਥੇਦਾਰ ਅਖੰਡ ਕੀਰਤਨੀ ਜਥਾ

**ਨੋਟ :** ਮੇਰੇ ਵਲੋਂ ਅਖੰਡ ਕੀਰਤਨੀ ਜਥੇ ਦੇ ਸਮੂਹ ਮੈਂਬਰਾਂ ਨੂੰ ਸੂਚਤ ਕੀਤਾ ਜਾ ਰਿਹਾ ਹੈ ਕਿ ਉਹ ਅਮਰੀਕਾ ਦੇ ਸ: ਹਰਭਜਨ ਸਿੰਘ ਜੋਗੀ ਦੀਆਂ ਚਾਲਾਂ ਤੋਂ ਸੁਚੇਤ ਰਹਿਣ, ਜਿੰਨੀ ਦੇਰ ਤਕ ਕੇਂਦਰੀ ਸੰਸਥਾ ਵਲੋਂ ਉਸ ਨੂੰ ਭਰੋਸੇ ਯੋਗ ਵਿਅਕਤੀ ਕਰਾਰ ਨਹੀਂ ਦਿਤਾ ਜਾਂਦਾ।

**ਕਾਪੀ :** ਸ: ਗੁਰਚਰਨ ਸਿੰਘ ਜੀ ਟੋਹੜਾ ਪ੍ਰਧਾਨ ਸ਼੍ਰੋ: ਗੁ: ਪ੍ਰ: ਕਮੇਟੀ ਨੂੰ ਸ: ਵਾਹਿਗੁਰੂ ਸਿੰਘ ਨਿਊ ਮੈਕਸੀਕੋ ਦੇ ਪਤਰ ਦੇ ਹਵਾਲੇ ਵਿਚ।

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ: ਗੁਰਚਰਨ ਸਿੰਘ ਜੀ ਟੌਹੜਾ ਵਲੋਂ ਇਸ ਸੰਬੰਧ ਵਿਚ ਜੋਗੀ ਹਰਭਜਨ ਸਿੰਘ ਨੂੰ ਲਿਖੀ ਚਿਠੀ ਦੀ ਨਕਲ–**

ਪੱਤਰ ਨੰ: 4257, ਮਾਰਚ 24, 1980

ਸੁਹਿਰਦ ਪਿਆਰੇ ਯੋਗੀ ਜੀ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹ॥

ਭਾਈ ਸਾਹਿਬ ਸ੍ਰ: ਵਾਹਿਗੁਰੂ ਸਿੰਘ ਜੀ ਖਾਲਸਾ ਦਾ ਪੱਤਰ ਮਿਤੀ 28-2-80 ਪੁੱਜਾ। ਪੱਤਰ ਵਿਚ ਭਾਈ ਸਾਹਿਬ ਭਾਈ ਜੋਗਿੰਦਰ ਸਿੰਘ ਜੀ ਤਲਵਾੜੇ ਵਾਲਿਆਂ ਵਿਰੁੱਧ ਬੀਬੀ ਗੁਰੂ ਗੁਨ ਕੌਰ ਸੰਬੰਧੀ ਜੋ ਕੁਝ ਇਲਜ਼ਾਮ ਲਾਏ ਗਏ ਹਨ, ਇਨ੍ਹਾਂ ਲਈ ਆਪ ਪਾਸ ਕੀ ਸਬੂਤ ਹੈ? ਪਹਿਲਾਂ ਇਹ ਦਸਦੇ ਤਾਂ ਗੱਲ ਸਮਝ ਪੈਂਦੀ। ਇਹ ਤਾਂ ਸਿੱਧਾ ਹੀ ਚਿਕੜ ਸੁਟਣ ਦਾ ਕੰਮ ਅਰੰਭ ਦਿਤਾ ਹੈ।

ਅਖੰਡ ਕੀਰਤਨੀ ਜਥੇ ਦੇ ਜਥੇਦਾਰ ਭਾਈ ਸਾਹਿਬ ਭਾਈ ਰਾਮ ਸਿੰਘ ਜੀ ਵਲੋਂ ਆਪ ਨੂੰ ਲਿਖੇ ਪੱਤਰ ਅਰ ਭਾਈ ਸਾਹਿਬ ਭਾਈ ਜੋਗਿੰਦਰ ਸਿੰਘ ਜੀ ਵਲੋਂ ਭੇਜੇ ਪੱਤਰ ਭੀ ਪੁੱਜੇ। ਪੱਤਰ ਪੜ੍ਹ ਕੇ ਹੈਰਾਨੀ ਹੋਈ ਹੈ ਕਿ ਤੁਹਾਡੇ ਸਿੰਘ ਏਨੀ ਨੀਵੀਂ ਪੱਧਰ ਉਤੇ ਵੀ ਪੁੱਜ ਸਕਦੇ ਹਨ। ਭਾਈ ਜੋਗਿੰਦਰ ਸਿੰਘ ਜੀ ਵਿਰੁੱਧ ਲਾਇਆ ਅਖੌਤੀ ਇਲਜ਼ਾਮ ਚੰਦਰਮਾਂ ਤੇ ਥੁੱਕਣ ਵਾਲੀ ਗੱਲ ਹੈ, ਏਥੋਂ ਦਾ ਸਿੱਖ ਪੰਥ ਦਾ ਹਰ ਸੱਜਣ ਜਾਣਦਾ ਹੈ ਕਿ ਉਹ ਕਿੰਨੀ ਉਚੀ ਪੱਧਰ ਦੇ ਗੁਰਮੁਖ ਸਿੱਖ ਹਨ। ਇਸ ਨਿੰਦਨੀਯ ਤੇ ਕੋਝੀ ਕਾਰਵਾਈ ਉਤੇ ਮੈਨੂੰ



www.AKJ.Org

ਭਾਰੀ ਦੁੱਖ ਹੋਇਆ ਹੈ। ਭਾਈ ਸਾਹਿਬ ਸ੍ਰ: ਵਾਹਿਗੁਰੂ ਸਿੰਘ ਨੇ ਆਪ ਦੇ ਇਸ਼ਾਰੇ ਤੇ ਹੀ ਇਹ ਅਖੌਤੀ ਤੇ ਝੂਠਾ ਇਲਜ਼ਾਮ ਲਾਇਆ ਹੈ, ਜੋ ਅਜਿਹਾ ਕਰਨਾ ਆਪ ਜੈਸੇ ਵਿਅਕਤੀ ਲਈ ਸੋਭਦਾ ਨਹੀਂ। ਜਿਸਨੇ ਕਿ ਵਿਦੇਸ਼ਾਂ ਵਿਚ ਸਿੱਖ ਧਰਮ ਦੇ ਪ੍ਰਚਾਰ ਦਾ ਬੀੜਾ ਚੁਕਿਆ ਹੈ। ਤੁਹਾਨੂੰ ਸਭਨਾਂ ਪਾਸੋਂ ਮਿਲਵਰਤਣ ਦੀ ਲੋੜ ਹੈ, ਨਾ ਕਿ ਵੈਰ ਵਿਹਾਝਣ ਦੀ।

ਅੱਗੇ ਅਜਿਹੀਆਂ ਗੱਲਾਂ ਕਰਕੇ ਵਿਦੇਸ਼ਾਂ ਵਿਚ ਵੱਸਦੇ ਸਿੰਘਾਂ ਨਾਲੋਂ ਆਪ ਜੀ ਨੇ ਕਾਫੀ ਹੱਦ ਤੱਕ ਅਮਰੀਕਨ ਸਿੰਘਾਂ ਦੇ ਸੰਬੰਧ ਤੋੜ ਲਏ ਹਨ। ਹੁਣ ਭਾਰਤ ਵਿਚ ਆਪ ਅਜਿਹੀਆਂ ਗਲਤ ਗੱਲਾਂ ਕਰਕੇ ਭਾਰਤੀ ਸਿੰਘਾਂ ਨਾਲ ਭੀ ਸੰਬੰਧ ਵਿਗਾੜ ਲਵੋਗੇ।

ਗੁਰਮਤਿ ਵਿਰੋਧੀ ਕਾਰਵਾਈਆਂ ਕਰਨ ਤੇ ਜੋ ਗੁਰਸਿੱਖ ਆਪ ਨੂੰ ਟੋਕਦਾ ਹੈ, ਜਾਪਦਾ ਹੈ ਆਪ ਉਸੇ ਵਿਰੁੱਧ ਹੀ ਅਜਿਹੇ ਨਿਰਮੂਲ ਦੂਸ਼ਨ ਲਗਾ ਕੇ ਬਦਨਾਮ ਕਰਨ ਦੀ ਕੋਝੀ ਹਰਕਤ ਕਰਦੇ ਹੋ। ਆਪ ਦੀ ਜਾਤ ਲਈ ਅਜਿਹਾ ਕਰਨਾ ਸੋਭਦਾ ਨਹੀਂ। ਇੰਝ ਟੋਕਣ ਵਾਲਿਆਂ ਨੇ ਝੂਠੇ ਇਲਜ਼ਾਮਾਂ ਤੋਂ ਡਰ ਕੇ ਹਟਣਾ ਨਹੀਂ। ਇਹ ਯਾਦ ਰਖਣ ਵਾਲੀ ਗੱਲ ਹੈ।

ਸ਼੍ਰੋ ਗੁ: ਪ੍ਰ: ਕਮੇਟੀ ਪਾਸ ਸਮੇਂ ਸਮੇਂ ਆਪ ਵਿਰੁਧ ਗੁਰਮਤਿ ਵਿਰੋਧੀ ਕਾਰਵਾਈਆਂ ਲਈ ਕਈ ਸ਼ਿਕਾਇਤਾਂ ਪੁਜਦੀਆਂ ਰਹੀਆਂ, ਪ੍ਰੰਤੂ ਵੈਸਟਰਿਨ ਹੈਮੀਸਫ਼ੀਅਰ ਵਿਚ ਆਪ ਵਲੋਂ ਸਿੰਘ ਸਜਾਉਣ ਲਈ ਕੀਤੀ ਸ਼ਲਾਘਾ ਯੋਗ ਸੇਵਾ ਕਾਰਨ ਸ਼੍ਰੋਮਣੀ ਗੁ: ਪ੍ਰ: ਕਮੇਟੀ ਇਨ੍ਹਾਂ ਸ਼ਿਕਾਇਤਾਂ ਨੂੰ ਨਜ਼ਰ-ਅੰਦਾਜ਼ ਕਰਦੀ ਰਹੀ ਹੈ। ਆਪ ਨੂੰ ਪਤਾ ਨਹੀਂ ਕਿ ਭਾਈ ਜੋਗਿੰਦਰ ਸਿੰਘ ਜੀ ਆਪ ਵਲੋਂ ਕੀਤੀਆਂ ਪੰਥਕ ਸੇਵਾਵਾਂ ਦੇ ਪ੍ਰਸੰਸਕ ਹਨ ਅਤੇ ਅਮਰੀਕਨ ਸਿੰਘ, ਸਿੰਘਣੀਆਂ ਨੂੰ ਗੁਰਮਤਿ ਵਿਦਿਆ ਅਤੇ ਕੀਰਤਨ ਦੀ ਸਿਖਲਾਈ ਦੀ ਨਿਰਮਾਣ ਸੇਵਾ ਕਰਦੇ ਰਹੇ ਹਨ।

ਜੇ ਆਪ ਜੀ ਨਾਲ ਕਿਸੇ ਗਲੋਂ ਮਤਭੇਦ ਪੈਦਾ ਹੋਇਆ ਹੈ, ਉਹ ਵਿਚਾਰਿਆ ਜਾ ਸਕਦਾ ਸੀ, ਨਾਂਕਿ ਇਸ ਤਰ੍ਹਾਂ ਦੇ ਹਮਲੇ ਕਰਕੇ ਇਕ ਗੁਰਸਿਖ ਸਿੱਖ ਨੂੰ ਰੋਲਣ ਦੀ ਹਰਕਤ ਕਰਨੀ! ਜੋ ਕਿਸੇ ਤਰ੍ਹਾਂ ਵੀ ਲਾਭਵੰਦੀ ਨਹੀਂ। ਕੀ ਗੱਲ ਏਹੋ ਹੀ ਨਹੀਂ ਕਿ ਗੁਰਮਤਿ ਵਿਰੋਧੀ ਕੀਤੀ ਕਿਸੇ ਵੀ ਕਾਰਵਾਈ ਵਿਚ ਉਹ ਆਪ ਨਾਲ ਭਾਈਵਾਲ ਬਣਨ ਦੇ ਵਿਰੁੱਧ ਹਨ? ਇਹੋ ਹੀ ਕਾਰਨ ਹੈ ਕਿ ਆਪ ਨੇ ਸ੍ਰ: ਵਾਹਿਗੁਰੂ ਸਿੰਘ ਜੀ ਪਾਸੋਂ ਅਜਿਹਾ ਕੋਝਾ ਤੇ ਸ਼ਰਮਨਾਕ ਖੇਲ ਕਰਵਾ ਕੇ ਭਾਈ ਜੋਗਿੰਦਰ ਸਿੰਘ ਜੀ ਨੂੰ ਭੰਡਣ ਦਾ ਯਤਨ ਕੀਤਾ ਹੈ, ਜੋ ਨਮੂਨੇ ਦੇ ਸਿੱਖੀ ਜੀਵਨ ਦੇ ਧਾਰਨੀ ਹਨ। ਮੈਂ ਸਪੱਸ਼ਟ ਤੌਰ ਤੇ ਦਸਣਾ ਚਾਹੁੰਦਾ ਹਾਂ ਕਿ ਤੁਹਾਡੇ ਇਹ ਹਮਲੇ ਭਾਈ ਜੋਗਿੰਦਰ ਸਿੰਘ ਦਾ ਕੁਝ ਨਹੀਂ ਵਿਗਾੜ ਸਕਣਗੇ। ਉਨ੍ਹਾਂ ਦਾ ਜੀਵਨ ਖੁਲ੍ਹੀ ਕਿਤਾਬ ਵਾਂਗ ਸਿੱਖ ਸੰਗਤਾਂ ਦੇ ਸਾਹਮਣੇ ਹੈ।

ਆਮ ਤੌਰ ਤੇ ਦੇਖਿਆ ਜਾਂਦਾ ਹੈ ਕਿ ਛੋਟੇ ਤੋਂ ਛੋਟੇ ਮਸਲਿਆਂ ਉਪਰ ਵੀ ਪਹਿਲਾਂ ਜਾਂਚ ਪੜਤਾਲ ਹੁੰਦੀ ਹੈ, ਕਸੂਰਵਾਰ ਨੂੰ ਪੁਛਿਆ ਜਾਂਦਾ ਹੈ, ਸਬੂਤ ਪ੍ਰਾਪਤ ਕੀਤੇ ਜਾਂਦੇ ਹਨ, ਫਿਰ ਕਿਸੇ ਨਿਰਣੈ ਉਤੇ ਪੁਜਿਆ ਜਾਂਦਾ ਹੈ। ਇੰਝ ਕਦੇ ਨਹੀਂ ਹੋਇਆ ਕਿ ਆਪੇ ਦੋਸ਼ ਆਰੋਪ ਲਾ ਦਿਤੇ ਜਾਣ ਤੇ ਆਪੇ ਹੀ ਸਜ਼ਾ ਦੇਣ ਦੇ ਹੁਕਮ ਚਾੜ੍ਹ ਦਿਤੇ ਜਾਣ, ਜੋ ਸਰਾਸਰ ਬੇ-ਇਨਸਾਫੀ ਤੇ ਵਧੀਕੀ ਹੈ।

ਭਾਈ ਜੋਗਿੰਦਰ ਸਿੰਘ ਜੀ ਨੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੂੰ ਬੇਨਤੀ ਕੀਤੀ ਹੈ ਕਿ ਇਸ ਸ਼ਿਕਾਇਤ ਦਾ ਨਿਪਟਾਰਾ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਕੀਤਾ ਜਾਵੇ। ਇਸ ਲਈ ਜਾਂ ਤਾਂ ਆਪ ਲਾਏ ਝੂਠੇ ਇਲਜ਼ਾਮ ਵਾਪਸ ਲਵੋ, ਜਾਂ ਇਨ੍ਹਾਂ ਇਲਜ਼ਾਮਾਂ ਨੂੰ ਸਾਬਤ ਕਰਨ ਲਈ ਹੁਣ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਹਾਜ਼ਰ ਹੋਣ ਲਈ ਤਿਆਰ ਰਹੋ। ਜਿਸ ਲਈ ਛੇਤੀ ਹੀ ਸਮਾਂ ਨੀਯਤ ਕਰਕੇ ਬੁਲਾਵਾ ਦਿਤਾ ਜਾਣ ਵਾਲਾ ਹੈ। ਆਪ ਜੀ ਨੇ ਸਬੂਤ ਸਮੇਤ ਜਲਦੀ ਹਾਜ਼ਰ ਹੋਣਾ ਹੈ।

ਆਸ ਹੈ ਕਿ ਆਪ ਉਪ੍ਰੋਕਤ ਤੱਥਾਂ ਨੂੰ ਵਿਚਾਰਦੇ ਹੋਏ ਤਤਕਾਲ ਹੀ ਉਤਰ ਦਿਉਗੇ, ਤਾਂ ਜੋ ਇਸ ਸੰਬੰਧ ਵਿਚ ਅਗਲੀ ਕਾਰਵਾਈ ਕਰਕੇ ਸੱਚ ਝੂਠ ਦਾ ਨਿਤਾਰਾ ਕੀਤਾ ਜਾ ਸਕੇ।

ਸਤਿਕਾਰ ਸਹਿਤ, ਸ਼ੁਭਚਿੰਤਕ

(ਗੁਰਚਰਨ ਸਿੰਘ ਟੌਹੜਾ)

www.AKJ.Org

# ਅੱਜ ਹਾਲਤ ਕੀ ਹੋ ਗਈ, ਤਕ ਰੋਣਾ ਆਉਂਦਾ ਏ

[ਵਲੋਂ :—ਭਾਈ ਤਾਰਾ ਸਿੰਘ ਜੀ ਨਿਹੰਗ, ਖਰੀਊ ਕਸ਼ਮੀਰ]

ਵੇਲਾ ਜੋ ਬੀਤ ਗਿਆ, ਉਹ ਕੇਡਾ ਚੰਗਾ ਸੀ,
ਪਾਪਾਂ ਕੁਕਰਮਾਂ ਤੋਂ, ਹਰ ਸਿਖ ਨੂੰ ਸੰਗਾ ਸੀ।
ਭਾਵੇਂ ਉਹ ਸੂਰਬੀਰ, ਜੰਗਲਾਂ ਵਿਚ ਰਹਿੰਦੇ ਸਨ,
ਪਰ ਹਰ ਦਮ ਗੁਰਮਤਿ ਨੂੰ, ਉਹ ਆਦਰ ਦੇਂਦੇ ਸਨ।
ਚੌਧਰ ਦੀ ਭੁਖ ਨਹੀਂ ਸੀ ਉਨ੍ਹਾਂ ਲਾਲਾਂ ਵਿਚ,
ਸਿਖੀ ਦਾ ਚਸਕਾ ਸੀ, ਸਭ ਬੁਢੇ ਬਾਲਾਂ ਵਿਚ।
ਸਿਖ ਧਰਮ ਨਿਸ਼ਾਨਾ ਸੀ, ਗੁਰਸਿਖ ਜਵਾਨਾਂ ਦਾ,
ਸੇਵਾ ਹੀ ਮੇਵਾ ਸੀ ਸੰਤਾਂ ਗੁਣਵਾਨਾਂ ਦਾ।
ਨਾ ਕਰਦਾ ਮਾਣ ਕੋਈ, ਨ ਧੜਾ ਬਣਾਂਦਾ ਸੀ,
ਗੁਰਮਤਿ ਅਸੂਲਾਂ ਨੂੰ ਹਰ ਸਿਖ ਅਪਣਾਂਦਾ ਸੀ।
ਜੇ ਦੇਸ ਤੇ ਧਰਮ ਉਤੇ, ਕੋਈ ਆਫਤ ਆਂਦੀ ਸੀ,
ਤਾਂ ਉਹਨਾਂ ਸੂਰਿਆਂ ਦੀ ਛਾਤੀ ਤਣ ਜਾਂਦੀ ਸੀ।
ਉਹ ਧਰਮ ਦੀ ਆਨ ਲਈ, ਬੰਦ ਬੰਦ ਕਟਾਂਦੇ ਸਨ,
ਉਬਲਦੀਆਂ ਦੇਗਾਂ ਵਿਚ, ਸਮਾਧੀਆਂ ਲਾਂਦੇ ਸਨ।
ਆਰੇ ਦੇ ਨਾਲ ਕੋਈ ਸੀਨਾ ਚਿਰਵਾਂਦਾ ਸੀ,
ਕੇਸਾਂ ਦੇ ਬਦਲੇ ਕੋਈ, ਖੋਪਰ ਉਤਰਾਂਦਾ ਸੀ।
ਸੂਲਾਂ ਤੇ ਚਰਖੜੀਆਂ, ਉਹਨਾਂ ਦਾ ਆਸਣ ਸੀ,
ਛਿਲ ਪਤੇ ਬਿਰਛਾਂ ਦੇ ਉਹਨਾਂ ਲਈ ਰਾਸ਼ਨ ਸੀ।
ਜੰਗਲ ਦੇ ਕੰਡਿਆਂ ਨੂੰ, ਉਹ ਸੇਜਾ ਕਹਿੰਦੇ ਸਨ,
ਅਤੇ ਹਰਦਮ ਗੁਰਬਾਣੀ ਉਹ ਪੜ੍ਹਦੇ ਰਹਿੰਦੇ ਸਨ।
ਅੰਮ੍ਰਿਤ ਦੇ ਪਿਆਸੇ ਸਨ ਤੇ ਰਹਿਤਾਂ ਰਖਦੇ ਸਨ,
ਜੋ ਕੁਝ ਮਿਲ ਜਾਂਦਾ ਸੀ, ਉਹ ਵੰਡ ਕੇ ਛਕਦੇ ਸਨ।
ਜਾਗੀਰ ਨਵਾਬੀ ਨੂੰ, ਤਾਂ ਉਹ ਠੁਕਰਾਂਦੇ ਸਨ,
ਪਰ ਝਾੜੂ ਪਖੇ ਦੀ, ਉਹ ਸੇਵ ਕਮਾਂਦੇ ਸਨ।
ਉਹਨਾਂ ਨੇ ਸਿਖੀ ਦੇ ਸ਼ੁਭ ਪੂਰਨੇ ਪਾਏ ਸਨ,
ਸਿਰ ਰਖ ਕੇ ਤਲੀਆਂ ਤੇ, ਖੰਡੇ ਖੜਕਾਏ ਸਨ।
ਨਹੀਂ ਦਬਕਾ ਮੰਨਿਆ ਸੀ ਕਿਸੇ ਭੇਖੀ ਭੰਗੜ ਦਾ,
ਵਢਿਆ ਸਿਰ ਉਹਨਾਂ ਨੇ, ਸੀ ਮੱਸੇ ਰੰਗੜ ਦਾ।
ਗੁਰਧਾਮਾਂ ਦੀ ਰਖਿਆ ਲਈ ਉਹ ਤਤਪਰ ਰਹਿੰਦੇ ਸਨ,
ਪੂਜਾ ਦੇ ਪੈਸੇ ਨੂੰ ਉਹ ਬਿਖਿਆ ਕਹਿੰਦੇ ਸਨ।



www.AKJ.Org

ਤਦੋ ਹੀ ਉਹਨਾਂ ਵਿਚ ਪੂਰਨ ਗੁਰਸਿਖੀ ਸੀ,
ਜੋ ਨਿੱਕੀ ਵਾਲਾਂ ਤੋਂ, ਖੰਡੇ ਤੋਂ ਤਿਖੀ ਸੀ।
ਅਜ ਹਾਲਤ ਕੀ ਹੋ ਗਈ, ਤਕ ਰੋਣਾ ਆਉਂਦਾ ਏ,
ਕੀ ਭਾਣਾ ਵਰਤ ਗਿਆ, ਹਾਲੂਣਾ ਆਉਂਦਾ ਏ।
ਪੂਜਾ ਦੇ ਪੈਸੇ ਨੇ ਅਜ ਹਲ-ਚਲ ਪਾ ਦਿਤੀ,
ਤੇ ਭੇਖੀ ਲੋਕਾਂ ਨੇ ਹੈ ਲੁਟ ਮਚੱਾ ਦਿਤੀ।
ਨਾ ਰਹਿ ਗਿਆ ਧਰਮ ਕੋਈ, ਨਾ ਸ਼ਰਮ ਹਯਾ ਰਹਿ ਗਈ,
ਇਹਨਾਂ ਨੂੰ ਸੋਧਣ ਲਈ ਨ ਕੋਈ ਦੂਆ ਰਹਿ ਗਈ।
ਅਪਣਾ ਹੀ ਸੁਆਰਥ ਅੱਜ, ਸਭ ਦਾ ਨਿਸ਼ਾਨਾ ਏ,
ਵੇਖੋ ਰੰਗ ਦਾਤੇ ਦਾ ਕੀ ਵਰਤਿਆ ਭਾਣਾ ਏ।
ਗੁਰਮੁਖ ਗੁਰਸਿੱਖ ਸੂਰਾ, ਵਿਰਲਾ ਕੋਈ ਲੱਭਦਾ ਏ,
ਜਿਸ ਵਿਚ ਗੁਰਸਿਖੀ ਦਾ ਅਜ ਦੀਪਕ ਜਗਦਾ ਏ।
ਨੇਮੀ ਜੋ ਬਾਣੀ ਦੇ, ਨਿਤਨੇਮ ਨਿਭਾਂਦੇ ਸਨ,
ਸਿਮਰਨ ਅਭਿਆਸ ਬਿਨਾ ਨ ਪੀਂਦੇ ਖਾਂਦੇ ਸਨ।
ਉਹਨਾਂ ਦੀ ਹਾਲਤ ਅੱਜ ਹੋ ਡਾਵਾਂ-ਡੋਲ ਗਈ,
ਕਿਸਮਤ ਹੈ ਉਹਨਾਂ ਨੂੰ, ਮਿਟੀ ਵਿਚ ਰੋਲ ਗਈ।
ਇਹ ਅਪਣੀ ਕਰਨੀ ਤੇ ਆਪੂ ਪਛਤਾਉਣਗੇ,
ਕੀ ਕਹਿਣਾ ਇਹਨਾਂ ਨੂੰ ਇਹ ਕੀਤਾ ਪਾਉਣਗੇ।
ਸਿਦਕੀ ਗੁਰਸਿੱਖਾਂ ਨੂੰ ਘਬਰਾਉਣ ਦੀ ਲੋੜ ਨਹੀਂ,
ਸੁਆਰਥ ਤੇ ਸਿਖੀ ਦਾ, ਕਦੇ ਬਣਿਆ ਜੋੜ ਨਹੀਂ।

---

## ਅਖੰਡ ਕੀਰਤਨੀ ਜਥਾ—ਹਿਸਾਬ ਕਿਤਾਬ

### ਸ਼ਹੀਦੀ ਫੰਡ

| | |
|---|---|
| ਨਵੰਬਰ 79 ਸੂਰਾ ਵਿਚ ਬਾਕੀ | 46698—03 |
| ਦਸੰਬਰ 80 ,, ,, ਆਮਦਨ | 111—20 |
| ਜਨਵਰੀ 80 ,, ,, ,, | 141—00 |
| ਕੇਂਡਰੀ ਫੰਡ ਤੋਂ ਦਸਤੀ ਵਾਪਸ | 13816—00 |
| ਛਿਮਾਹੀ ਸੂਦ ਬੈਂਕ | 1071—55 |
| ਜੋੜ | 61837—78 |
| ਖ਼ਰਚ | 87—45 |
| ਬਾਕੀ | 61750—33 |
| ਡਾਕ ਖਰਚ 11.79 ਤੋਂ 3.80 | 7—95 |
| ਅਖ਼ਬਾਰਾਂ ,, ,, | 79—50 |
| ਜੋੜ | 87—45 |

### ਕੇਂਦਰੀ ਫੰਡ

| | |
|---|---|
| ਜਨਵਰੀ ੮੦ ਸੂਰਾ ਵਿਚ ਬਾਕੀ | 3490—71 |
| ਸ: ਅਨੂਪ ਸਿੰਘ ਜੀ ਕਾਨਪੁਰ ਤੋਂ | 50—00 |
| ਸ: ਮੋਹਨ ਸਿੰਘ ਜੀ ਫ਼ਰੀਦਾਬਾਦ ਤੋਂ | 51—00 |
| ਜੋੜ | 3591—71 |
| ਖ਼ਰਚ | 219—85 |
| ਬਾਕੀ | 3371—86 |
| ਡਾਕ ਖਰਚ | 122—55 |
| ਚਿਠੀ ਕਾਗਜ਼, ਛਪਾਈ ਤੇ ਲਫ਼ਾਫ਼ੇ | 97—30 |
| ਜੋੜ | 219—85 |

ਦਾਸਰਾ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ (ਕੇਂਦਰੀ ਦਫ਼ਤਰ) ਸ੍ਰੀ ਅੰਮ੍ਰਿਤਸਰ

www.AKJ.Org

# ਸ੍ਰੀ ਬਾਬੂ ਜੀ ਜ਼ਖਮੀ ਹੋ ਗਏ

[ਵਲੋਂ—ਪ੍ਰੋਫੈਸਰ ਠਾਕਰ ਸਿੰਘ ਜੀ]

ਸ੍ਰੀ ਬਾਬੂ ਮਲ ਸਿੰਘ ਜੀ ਦੀ ਤੀਜੀ ਲੜਕੀ ਬੀਬੀ ਗਿਆਨ ਕੌਰ ਦਾ ਅਨੰਦ ਕਾਰਜ ੧੯੩੮ ਵਿਚ ਹੋਣਾ ਨੀਯਤ ਹੋਇਆ। ਉਸ ਸਮੇਂ ਸ੍ਰੀਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਵੀ ਸਣੇ ਪਰਵਾਰ ਦੇ ਪੁਜੇ ਹੋਏ ਸਨ।

ਬਰਾਤ ਦੇ ਆਉਣ ਵਿਚ ਅਜੇ ਦੋ ਦਿਨ ਹੋਣ ਕਰਕੇ, ਮਿੰਟਗੁਮਰੀ ਤੋਂ ਗੁਰੂ-ਪਿਆਰਿਆਂ ਦੇ ਸੱਦੇ ਤੇ, ਭਾਈ ਸਾਹਿਬ ਕੀਰਤਨ-ਸਮਾਗਮ ਤੇ ਉਥੇ ਚਲੇ ਗਏ। ਉਨ੍ਹਾਂ ਦੇ ਜਾਣ ਪਿਛੋਂ ਦੇਵਨੇਤ ਐਸੀ ਹੋਈ ਕਿ ਸ੍ਰੀ ਬਾਬੂ ਜੀ ਘਰ ਦਾ ਸਮਾਨ ਲਿਆਉਣ ਲਈ, ਘਰ ਦਾ ਟਾਂਗਾ ਤਿਆਰ ਕਰ ਰਹੇ ਸਨ ਕਿ ਅਚਾਨਕ ਘੋੜੀ ਨੇ ਐਸਾ ਸਖ਼ਤ ਦੁਲੱਤਾ ਮਾਰਿਆ ਕਿ ਬਾਬੂ ਜੀ ਦਾ ਸਿਰ ਸਖ਼ਤ ਜ਼ਖ਼ਮੀ ਹੋ ਗਿਆ। ਉਹ ਡਿਗਦੇ ਹੋਏ ਪਿਛਲੇ ਪਾਸੇ ਪਏ ਹੋਏ ਗੁੜ ਬਣਾਉਣ ਵਾਲੇ ਕੜਾਹੇ ਦੇ ਕੰਢੇ ਉਤੇ ਜਾ ਕੇ ਵਜੇ। ਕੜਾਹੇ ਦੇ ਕੰਢੇ ਨਾਲ ਸਿਰ ਦਾ ਪਿਛਲਾ ਹਿੱਸਾ ਵੀ ਜ਼ਖਮੀ ਹੋ ਗਿਆ ਤੇ ਉਹ ਬੇਹੋਸ਼ ਹੋ ਕੇ ਭੁੰਜੇ ਡਿਗ ਪਏ। ਉਨ੍ਹਾਂ ਨੂੰ ਫੜ ਕੇ ਮੰਜੇ ਤੇ ਪਾਇਆ ਗਿਆ, ਮੂੰਹ ਤੇ ਪਾਣੀ ਦੇ ਛਿਟੇ ਮਾਰੇ ਗਏ। ਜਦੋਂ ਬੜੀ ਮੁਸ਼ਕਲ ਨਾਲ ਦੰਦਣ ਖੁਲ੍ਹੀ ਤਾਂ ਉਸ ਬੇਹੋਸ਼ੀ ਵਿਚ ਅੰਦਰੋਂ ਦੋ ਵੇਰੀ ਅਵਾਜ਼ ਆਈ, "ਵਾਹਿਗੁਰੂ—ਵਾਹਿਗੁਰੂ"।

ਉਸੇ ਵਕਤ ਉਕਾੜੇ ਦੇ ਡਾਕਟਰ ਉਤਮ ਚੰਦ ਨੂੰ ਲਿਆਂਦਾ ਗਿਆ, ਜੋ ਉਨ੍ਹਾਂ ਦਾ ਮਿੱਤਰ ਸੀ। ਸ੍ਰੀ ਬਾਬੂ ਜੀ ਦਾ ਜ਼ਖਮ ਦੇਖ ਕੇ ਡਾਕਟਰ ਕਹਿਣ ਲਗਾ ਕਿ ਸਾਰਾ ਸਿਰ ਖ਼ੂਨ ਨਾਲ ਲਥ ਪਥ ਹੋਇਆ ਪਿਆ ਹੈ, ਜਦੋਂ ਤਕ ਜ਼ਖ਼ਮ ਦੇ ਕੰਢਿਆਂ ਚੋਂ ਕੇਸ ਸਾਫ਼ ਨਾ ਕੀਤੇ ਜਾਣ, ਟਾਂਕੇ ਲਗਣੇ ਮੁਸ਼ਕਲ ਹਨ।

ਸ੍ਰੀ ਬਾਬੂ ਜੀ ਉਸ ਵੇਲੇ ਤਕ ਹੋਸ਼ ਵਿਚ ਆ ਚੁਕੇ ਸਨ, ਆਪ ਕਹਿਣ ਲਗੇ, "ਡਾਕਟਰ ਸਾਹਿਬ, **ਇਕ ਇਕ ਕੇਸ ਮੇਰੀ ਜਾਨ ਹੈ**, ਜੇ ਕੇਸ ਰਖ ਕੇ ਕੁਝ ਹੋ ਸਕਦਾ ਹੈ ਤਾਂ ਕਰੋ, ਨਹੀਂ ਤਾਂ ਜਾ ਸਕਦੇ ਹੋ।"

ਇਹ ਜਵਾਬ ਸੁਣ ਕੇ ਡਾਕਟਰ ਪਾਸ ਹੋਰ ਕੋਈ ਚਾਰਾ ਹੀ ਨਹੀਂ ਸੀ। ਉਸ ਨੇ ਜ਼ਖ਼ਮ ਨੂੰ ਖ਼ਰਾਬ ਹੋ ਜਾਣ ਦੀ ਸੂਰਤ ਵਿਚ, ਉਸ ਦੀ ਜ਼ਿਮੇਵਾਰੀ ਸ੍ਰੀ ਬਾਬੂ ਜੀ ਨੂੰ ਦੇ ਦਿਤੀ ਤੇ ਹੌਲੀ ਹੌਲੀ ਇਕ ਇਕ ਕੇਸ ਨੂੰ ਸਾਫ਼ ਕਰ ਕੇ, ਕਾਫ਼ੀ ਵਕਤ ਲਗਾ ਕੇ ਜ਼ਖ਼ਮ ਨੰਗਾ ਕੀਤਾ ਅਤੇ ਫਿਰ ਦੋਹਾਂ ਜ਼ਖ਼ਮਾਂ ਦੇ ੧੩ ਟਾਂਕੇ ਲਗਾ ਕੇ, ਬਾਬੂ ਜੀ ਨੂੰ ਆਪਣੇ ਨਾਲ ਹੀ ਉਕਾੜੇ ਆਪਣੇ ਹਸਪਤਾਲ ਵਿਚ ਲੈ ਗਿਆ।

ਉਸੇ ਵਕਤ ਮਿੰਟਗੁਮਰੀ ਵਿਖੇ ਭਾਈ ਸਾਹਿਬ ਜੀ ਨੂੰ ਇਸ ਦੁਰਘਟਨਾ ਦੀ ਖ਼ਬਰ ਭੇਜੀ ਗਈ। ਭਾਈ ਸਾਹਿਬ ਉਸ ਵੇਲੇ ਕੀਰਤਨ ਵਿਚ ਜੁੜੇ ਹੋਏ ਸਨ ਅਤੇ ਜੋੜੀ ਵਜਾ ਰਹੇ ਸਨ। ਜਿਉਂ ਹੀ ਇਹ ਸੋਇ ਆਪ ਦੀ ਕੰਨੀਂ ਪਈ, ਤਾਂ ਹੱਥ ਉਸੇ ਤਰ੍ਹਾਂ ਜੋੜੀ ਉਪਰ ਰਹਿ ਗਏ, ਨੇਤਰ ਬੰਦ ਹੋ ਗਏ, ਕਿਸੇ ਹੋਰ ਮੰਡਲ ਵਿਚ ਸੁਰਤੀ ਚਲੀ ਗਈ। ਸਾਰੇ ਦੀਵਾਨ ਵਿਚ ਚੁੱਪ ਵਰਤ ਗਈ। ਤੇ ਕਾਫ਼ੀ ਦੇਰ ਪਿਛੋਂ ਆਪ ਜੀ ਦੇ ਅੰਦਰੋਂ ਅਰਦਾਸ ਨਿਕਲੀ—

ਰਾਖਿ ਲੇਹੁ ਭਾਈ ਮੇਰੇ ਕਉ ਪ੍ਰਭ ਆਗੈ ਅਰਦਾਸਿ ॥*

ਦੀਵਾਨ ਦੀ ਸਮਾਪਤੀ ਹੋਈ। ਆਪ ਉਕਾੜੇ ਸ੍ਰੀ ਬਾਬੂ ਜੀ ਪਾਸ ਪੁਜ ਗਏ। ਤੇ ਫਿਰ ਘਰ ਆ ਗਏ। ਅਗਲੇ ਦਿਨ ਬਰਾਤ ਆਈ ਤਾਂ ਬਾਬੂ ਜੀ ਵੀ ਘਰ ਆ ਗਏ।

ਇਹ ਇਕ ਅਨੰਦ ਕਾਰਜ ਹੈ ਜਿਸ ਵਿਚ ਸ੍ਰੀ ਮਾਨ ਭਾਈ ਸਾਹਿਬ ਜੀ ਨੇ ਆਪ ਲਾਵਾਂ ਪੜ੍ਹੀਆਂ ਤੇ ਸਾਰਾ ਸਮਾਗਮ ਦਾਤਾ ਜੀ ਦੀ ਕਿਰਪਾ ਸਦਕਾ ਠੀਕ ਨਿਭ ਗਿਆ।

ਸ੍ਰੀ ਬਾਬੂ ਜੀ ਦੀ ਇਸ ਤਕਲੀਫ ਦੇ ਸਮੇਂ ਭੈਣ ਇੰਦਰ ਕੌਰ ਜੀ ਤੇ ਬੀਬੀ ਸੁਖਦੇਵ ਕੌਰ ਸੁਪਤਨੀ

*ਸੋਰਠਿ ਮ: ੫, ਪੰਨਾ ੬੧੯



www.AKJ.Org

ਕਾਕਾ ਦਿਆਲ ਸਿੰਘ ਨੇ, ਦਿਨ ਰਾਤ ਤਨੋਂ ਮਨੋਂ ਹੋ ਕੇ ਪੂਰੀ ਸੇਵਾ ਕੀਤੀ ਅਤੇ ਸ੍ਰੀ ਬਾਬੂ ਜੀ ਦੀਆਂ ਬੇਅੰਤ ਖੁਸ਼ੀਆਂ ਪ੍ਰਾਪਤ ਕੀਤੀਆਂ।

ਬਰਾਤ ਦੇ ਤੁਰਨ ਪਿਛੋਂ ਭਾਈ ਬਿਸ਼ਨ ਸਿੰਘ ਜੀ ਚਕ ੫੩/੨ ਐਲ ਵਾਲਿਆਂ ਨੇ, ਜੋ ਬਾਬੂ ਜੀ ਦੇ ਬਹੁਤ ਨਿਕਟਵਰਤੀ ਸਨ, ਭਾਈ ਸਾਹਿਬ ਜੀ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਦੇ ਨਗਰ ਵਿਚ ਕੀਰਤਨ ਦੀਆਂ ਬਖ਼ਸ਼ਸ਼ਾਂ ਕੀਤੀਆਂ ਜਾਣ। ਭਾਈ ਸਾਹਿਬ ਮੰਨ ਗਏ ਅਤੇ ਪਿਛਲੇ ਪਹਿਰ ਸਾਰਾ ਜਥਾ ਕੀਰਤਨ ਦੀਆਂ ਹਾਜ਼ਰੀਆਂ ਭਰਨ ਲਈ ਉਥੇ ਪੁਜ ਗਿਆ। ਅਜੇ ਕੀਰਤਨ ਅਰੰਭ ਹੋਇਆਂ ਅੱਧਾ ਕੁ ਘੰਟਾ ਹੀ ਹੋਇਆ ਹੋਵੇਗਾ ਕਿ ਸ਼ਹਿਰ ਉਕਾੜੇ ਦੀ ਸਾਰੀ ਸੰਗਤ ਉਥੇ ਪੁਜ ਗਈ ਅਤੇ ਬਹੁਤ ਵਡਾ ਦੀਵਾਨ ਸਜ ਗਿਆ।

ਪਿਛੋਂ ਪਤਾ ਲਗਾ ਕਿ ਸੰਤ ਕਮਾਲੀਏ ਵਾਲੇ, ਸੰਗਤ ਸਿੰਘ ਜੀ ਉਕਾੜੇ ਗੁ: ਸ੍ਰੀ ਗੁਰੂ ਸਿੰਘ ਸਭਾ ਵਿਖੇ ਕਥਾ ਕਰਨ ਲਈ ਆਏ ਹੋਏ ਸਨ। ਜਦੋਂ ਉਨ੍ਹਾਂ ਨੂੰ ਸ੍ਰੀ ਮਾਨ ਭਾਈ ਸਾਹਿਬ ਦੇ ਪ੍ਰੋਗਰਾਮ ਦਾ ਪਤਾ ਲਗਾ ਤਾਂ ਸੰਗਤ ਵਿਚ ਕਹਿਣ ਲਗੇ ਕਿ ਜਦੋਂ ਭਾਈ ਸਾਹਿਬ ਰਣਧੀਰ ਸਿੰਘ ਜੀ ਜਿਹੀ ਪਵਿਤਰ ਹਸਤੀ ਇਥੇ ਲਾਗੇ ਹੀ ਕੀਰਤਨ ਦੀ ਦਾਤਿ ਵੰਡ ਰਹੇ ਹਨ ਤਾਂ ਦਾਸ ਤਾਂ ਪਹਿਲਾਂ ਉਥੇ ਜਾ ਕੇ ਕੀਰਤਨ ਦੀ ਹਾਜ਼ਰੀ ਭਰੇਗਾ, ਕਥਾ ਤਾਂ ਫਿਰ ਹੋ ਸਕਦੀ ਹੈ। ਸੋ ਉਹ ਗੁਰੂ ਪਿਆਰੇ ਸਾਰੀ ਸੰਗਤ ਸਮੇਤ ਕੀਰਤਨ ਤੇ ਪੁਜ ਗਏ ਅਤੇ ਕੀਰਤਨ ਦੇ ਖੂਬ ਅਨੰਦ ਮਾਣੇ। ਸੰਤ ਸੰਗਤ ਸਿੰਘ ਜੀ ਨੂੰ ਭਾਈ ਸਾਹਿਬ ਜੀ ਦੇ ਪਾਸ ਹੀ ਜਗ੍ਹਾ ਦੇ ਦਿਤੀ ਗਈ।

ਕੀਰਤਨ ਦੀ ਸਮਾਪਤੀ ਸਮੇਂ ਉਕਾੜੇ ਦੇ ਕਿਸੇ ਗੁਰਮੁਖ ਨੇ ਭਾਈ ਸਾਹਿਬ ਜੀ ਨੂੰ ਦਸਿਆ ਕਿ ਸੰਤ ਕਮਾਲੀਏ ਵਾਲੇ ਆਪ ਦਾ ਕੀਰਤਨ ਸੁਣਨ ਆਏ ਹਨ ਤਾਂ ਆਪ ਜੀ ਬਹੁਤ ਖੁਸ਼ ਹੋਏ। ਉਸ ਗੁਰਮੁਖ ਨੇ ਕਿਹਾ ਜੇ ਹੁਕਮ ਕਰੋ ਤਾਂ ਸਚੇ ਪਾਤਸ਼ਾਹ ਦੇ ਹੁਕਮ ਦੀ ਕਥਾ ਕਰ ਲੈਣ। ਸ੍ਰੀ ਭਾਈ ਸਾਹਿਬ ਜੀ ਕਥਾ ਕਦੇ ਨਹੀਂ ਸੀ ਸੁਣਦੇ, ਕਹਿੰਦੇ ਸਨ ਕਿ ਕੀਰਤਨ ਹੀ ਕਥਾ ਹੈ। ਪਰ ਉਸ ਦਿਨ ਖੁਸ਼ੀ ਨਾਲ ਕਹਿਣ ਲਗੇ ਕਿ ਇਹੋ ਜਹੇ ਮਹਾਂ ਪੁਰਸ਼ਾਂ ਦੀ ਕਥਾ ਜ਼ਰੂਰ ਸੁਣਾਂਗੇ, ਇਹ ਪੰਥ ਦੇ ਕਥਾਕਾਰ ਹਨ। ਕਥਾ ਹੋਈ। ਦੀਵਾਨ ਦੀ ਸਮਾਪਤੀ ਪਿਛੋਂ ਦੋਵੇਂ ਪਵਿੱਤਰ ਆਤਮਾਵਾਂ ਬੜੇ ਅਨੰਦ ਵਿਚ ਗਲਵਕੜੀ ਪਾ ਕੇ ਮਿਲੀਆਂ।

## ਪਾਵਨ ਬੀੜਾਂ ਦੀ ਬੇਅਦਬੀ ਨੂੰ ਰੋਕੋ

ਭਾ: ਸਾ: ਜੀਵਨ ਸਿੰਘ ਜੀ ਰਾਗੀ ਇੰਗਲੈਂਡ ਤੋਂ ਸੂਚਨਾ ਦਿੰਦੇ ਹਨ ਕਿ ਬਰੈਡਫੋਰਡ ਵਿਖੇ ਇਕ ਮੁਸਲਮਾਨ ਦੁਕਾਨਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਪੈਸੇ ਕਮਾਉਣ ਲਈ ਮੰਗਵਾਂਦਾ ਹੈ। ਬੜੀ ਬੇਅਦਬੀ ਹੁੰਦੀ ਵੇਖ ਦਰਦੀ ਸਿੰਘਾਂ ਨੇ ਪੌਣੇ ਦੋ ਦੋ ਹਜ਼ਾਰ ਇਕ ਇਕ ਸਰੂਪ ਦੇ ਭੇਟਾ ਕਰ ਕੇ ਉਥੋਂ ਪਾਵਨ ਬੀੜਾਂ ਲੈ ਆਂਦੀਆਂ। ਉਸ ਲਾਲਚੀ ਨੂੰ ਫਿਰ ਹੋਰ ਬੀੜਾਂ ਮੰਗਵਾ ਲਈਆਂ ਹਨ। ਅਜਿਹੇ ਬੰਦਿਆਂ ਨੂੰ ਪਾਵਨ ਸਰੂਪ ਭੇਜਣ ਵਾਲੇ ਵੀ ਦੋਸ਼ੀ ਹਨ। ਖ਼ਾਲਸਾ ਜੀ, ਇਸ ਬੇਅਦਬੀ ਨੂੰ ਰੋਕਣ ਦਾ ਫ਼ੌਰੀ ਪਰਬੰਧ ਕਰੋ।

## ਪਿੰਡ ਭਠੀਆਂ (ਗੁਰਦਾਸਪੁਰ) ਵਿਖੇ ਰੈਣ ਸਬਾਈ ਕੀਰਤਨ

ਮਾਸਟਰ ਨਿਰੰਜਨ ਸਿੰਘ ਜੀ ਇਤਲਾਹ ਦਿੰਦੇ ਹਨ ਕਿ ਸ਼ਹੀਦ ਹਰਭਜਨ ਸਿੰਘ ਜੀ ਦੇ ਪਰਵਾਰ ਵਲੋਂ ਪੰਜ ਅਪਰੈਲ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸਮੂਹ ਮਾਈ ਭਾਈ ਹਾਜ਼ਰੀਆਂ ਭਰ ਕੇ ਨਾਮ ਬਾਣੀ ਦੇ ਲਾਹੇ ਪ੍ਰਾਪਤ ਕਰੋ। ਬਟਾਲਾ ਤੋਂ ਕਾਦੀਆਂ ਵਲੋਂ ਚਾਰ ਮੀਲ ਅਤੇ ਸ੍ਰੀ ਹਰਿਗੋਬਿੰਦ-ਪੁਰ—ਕਾਹਨੂਵਾਨ ਰੋਡ ਤੇ ਅਡਾ ਕੋਟ ਟੋਡਰ ਮਲ ਤੋਂ ਇਕ ਮੀਲ ਤੇ ਪਿੰਡ ਭਠੀਆਂ ਹੈ।



www.AKJ.Org

# ਅੰਮ੍ਰਿਤ ਦੀ ਦਾਤ

[ਵਲੋਂ—ਸ: ਪਰਮਜੀਤ ਸਿੰਘ ਜੀ ਕੋਚਰ ਖ਼ਾਲਸਾ, ਸ੍ਰੀ ਪਾਉਂਟਾ ਸਾਹਿਬ)

ਅੰਮ੍ਰਿਤ ਦਾਤਿਆ ਅੰਮ੍ਰਿਤ ਦੀ ਦਾਤ ਦੇ ਕੇ,
ਸਾਨੂੰ ਮਰਨ ਦੀ ਜਾਚ ਸਿਖਾਈ ਸੀ ਤੂੰ।
ਅਨੰਦ ਪੁਰ ਦੇ ਉਚੇ ਮੁਨਾਰਿਆਂ ਤੇ,
ਇਕ ਨਵੀਂ ਹੀ ਪੱਟੀ ਪੜ੍ਹਾਈ ਸੀ ਤੂੰ।੧।

ਕੇਸ ਗੜ੍ਹ ਦੀ ਧਰਤੀ ਗਵਾਹ ਹੈਗੀ,
ਅਣਖ ਹਿੰਦ ਦੀ ਸੁਤੀ ਜਗਾਈ ਸੀ ਤੂੰ।
ਨੀਂਹਾਂ ਵਿਚ ਚਿਣਵਾ ਕੇ ਬੱਚਿਆਂ ਨੂੰ,
ਪਕੀ ਸਿਖੀ ਦੀਵਾਰ ਬਣਾਈ ਸੀ ਤੂੰ।੨।

ਤੇਰੀ ਕਰਨੀ ਜਹਾਨ ਤੋਂ ਵਖਰੀ ਸੀ,
ਚਿੜੀ ਬਾਜ਼ ਦੇ ਨਾਲ ਲੜਾਈ ਸੀ ਤੂੰ।
ਸਰਬੰਸ-ਦਾਨੀਆ ਏਸ ਵਿਚ ਸ਼ਕ ਕੋਈ ਨਹੀਂ,
ਤੇਗ ਮਜ਼ਲੂਮ ਦੇ ਲਈ ਉਠਾਈ ਸੀ ਤੂੰ।੩।

ਮਾਛੀਵਾੜੇ ਵਿਚ ਰਾਤਾਂ ਬਤੌਣ ਵਾਲੇ,
ਹੇਮਕੁੰਟ ਸਮਾਧੀ ਵੀ ਲਾਈ ਸੀ ਤੂੰ।
ਸਵਾ ਲਖ ਨਾਲ ਇਕ ਲੜਾ ਕੇ ਤੂੰ,
ਧੂੰਮ ਸਾਰੇ ਜਹਾਨ ਤੇ ਪਾਈ ਸੀ ਤੂੰ।੪।

ਚਲਦੀ ਗਡੀਆਂ ਇੰਜਣ ਰੋਕ ਦਿਤੇ,
ਉਹ ਜਗ ਵਿਚ ਕੌਮ ਬਣਾਈ ਸੀ ਤੂੰ।
ਤੇਰੇ ਅਜੀਤ, ਜੁਝਾਰ ਨੇ ਹਦ ਕੀਤੀ,
ਚਮਕੌਰ ਗੜ੍ਹੀ ਤਰਥਲ ਮਚਾਈ ਸੀ ਤੂੰ।੫।

ਔਰੰਗਜ਼ੇਬ ਦੇ ਜ਼ੁਲਮੋ ਸਿਤਮ ਵਾਲੀ,
ਕੰਧ ਕੁਫਰ ਹੰਕਾਰ ਦੀ ਢਾਈ ਸੀ ਤੂੰ।
ਪਾਣੀ ਪਿਲਾਉਂਦਾ ਘਨੁਈਏ ਨੂੰ ਵੇਖ ਕੇ ਤੇ,
ਡੱਬੀ ਮਲ੍ਹਮ ਦੀ ਹਥ ਫੜਾਈ ਸੀ ਤੂੰ।੬।

ਬੁਧੂ ਸ਼ਾਹ ਨਾ ਐਵੇਂ ਮੁਰੀਦ ਬਣਿਆ,
ਰੱਬੀ ਖਿਚ ਕੋਈ ਉਸ ਨੂੰ ਲਾਈ ਸੀ ਤੂੰ।
ਤੇਰੀ ਤੇਗ ਤੋਂ ਬਿਜਲੀਆਂ ਜਨਮ ਲੀਤਾ,
ਪਰਬਤ ਸਾਗਰ ਦੀ ਮਿਟੀ ਰਲਾਈ ਸੀ ਤੂੰ।੭।

ਮਸਤ ਹਾਥੀਆਂ ਨਾਲ ਉਹ ਰਹੇ ਲੜਦੇ,
ਅੰਮ੍ਰਿਤ ਬੂੰਦ ਦੀ ਜਿਸਨੂੰ ਪਲਾਈ ਸੀ ਤੂੰ।
ਸੋਹਣਾ ਖਾਲਸਾ ਪੰਥ ਸਜਾ ਕੇ ਤੇ,
ਬੜੀ ਸੋਹਣੀ ਵਿਸਾਖੀ ਮਨਾਈ ਸੀ ਤੂੰ।੮।

---

# ਗੁ: ਟਾਹਲੀ ਸਾਹਿਬ ਰਾਏਕੋਟ (ਲੁਧਿਆਣਾ) ਵਿਖੇ ਮਾਸਕ ਰੈਣ ਸਬਾਈ

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਅਸਥਾਨ ਤੇ ਪੁਜ ਕੇ ਸਰਹੰਦ ਤੋਂ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੀ ਸ਼ਹੀਦੀ ਦੀ ਖ਼ਬਰ ਮੰਗਵਾਈ ਸੀ। ਇਸ ਅਸਥਾਨ ਤੇ ੧੯ ਅਪਰੈਲ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸੋ ਇਸ ਪਵਿਤਰ ਅਸਥਾਨ ਦੀ ਯਾਤਰਾ ਦਾ ਅਨੰਦ ਮਾਣੋ ਅਤੇ ਕੀਰਤਨਾਂ ਦੇ ਲਾਹੇ ਭੁੰਜਣ ਲਈ ਆਇ ਜੁੜੋ ਜੀ। ਰਾਏਕੋਟ, ਲੁਧਿਆਣਾ ਬਰਨਾਲਾ ਅਤੇ ਮਲੇਰਕੋਟਲਾ ਜਗਰਾਉਂ ਦੇ ਦਰਮਿਆਨ ਵਾਕਿਆ ਹੈ।

ਪੁਛ ਗਿਛ : ਮਾ: ਉਜਾਗਰ ਸਿੰਘ ਖਾਲਸਾ
ਫਰਵਾਲੀ (ਲੋਹਟਬੱਦੀ—ਸੰਗਰੂਰ)

ਦਰਸ਼ਨ ਅਭਿਲਾਖੀ—
ਸੰਗਤ ਰਾਏਕੋਟ ਸ਼ਹਿਰ (ਲੁਧਿਆਣਾ)

# ਕਾਦੀਆਂ ਵਿਖੇ ਸ੍ਰੀ ਅਖੰਡਪਾਠ ਅਤੇ ਰੈਣ ਸਬਾਈ ਕੀਰਤਨ

ਦਾਸ ਦੇ ਗ੍ਰਿਹਿ ਵਿਖੇ ਤਿੰਨ ਅਪਰੈਲ ਵੀਰਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ। ਉਪਰੰਤ ਦਸ ਵਜੇ ਤਕ ਕੀਰਤਨ ਹੋਣਗੇ। ਸ਼ਾਮ ਨੂੰ ਅੰਮ੍ਰਿਤ-ਸਿੰਚਾਰ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਸਮੂਹ ਮਾਈ ਭਾਈ ਹਾਜ਼ਰੀਆਂ ਭਰ ਕੇ ਦਾਸਾਂ ਨੂੰ ਨਿਵਾਜੋ ਜੀ। ਦਾਸਰਾ—ਅਮਰ ਸਿੰਘ ਲਾਈਨ ਸੁਪਰਟੈਂਡੈਂਟ
C/o ਸ: ਵਿਰਸਾ ਸਿੰਘ ਹੈਡਮਾਸਟਰ, ੨੨—ਮਹੱਲਾ ਸੰਤ ਨਗਰ (ਟੈਲੀਫੋਨ ਐਕਸਚੇਂਜ ਲਾਗੇ) ਕਾਦੀਆਂ



www.AKJ.Org

# ਇਕ ਜੋਦੜੀ

## *ਸੰਗਤਾਂ ਪਾਠਾਂ ਦੀ ਬਖ਼ਸ਼ਸ਼ ਕਰ ਕੇ ਅਰਦਾਸ ਵਿਚ ਜੁੜਨ ਦੀ ਕਿਰਪਾਲਤਾ ਕਰਨ*

ਜਜਨ ਭਜਨ ਮਮ ਖਾਲਸਾ, ਖਾਲਸਾ ਪੂਜਬੇ ਜੋਗ ॥
ਦਾਸ ਗੋਬਿੰਦ ਫਤਹ ਖਾਲਸਾ, ਦਰਸ ਪਰਸ ਮਿਟੇ ਸੋਗ ॥

"ਬੇਨਤੀ ਚੌਪਈ" ਦੇ ਅੱਖਰ ਅੱਖਰ ਵਿਚ ਖ਼ਾਲਸੇ ਦੀ ਸਿਰਜਨਾ ਅਤੇ ਖਾਲਸੇ ਦੀ ਸਰਬ ਕਾਲ ਰਛਿਆ ਦਾ ਰਹੱਸ ਲੁਕਿਆ ਹੋਇਆ ਹੈ। ਕਲਜੁਗ ਦੀਆਂ ਮਾਰੂ ਪ੍ਰਸਥਿਤੀਆਂ ਕਾਰਨ ਅਜ ਖਾਲਸੇ ਨੂੰ ਵੰਗਾਰ ਹੈ ਕਿ ਇਕ-ਸੁਰ ਹੋ, ਜੁੜ ਕੇ ਸਿਰਜਨਹਾਰ ਦੀ ਅਰਾਧਨਾ ਕੀਤੀ ਜਾਏ, ਤਾਂ ਜੁ ਖਾਲਸੇ ਦਾ ਤੇਜ ਪ੍ਰਤਾਪ ਚੜ੍ਹਦੀ ਕਲਾ ਵਿਚ ਹੋਵੇ।

ਅਜ ਪਰਦੇਸੀਂ ਵਸਦੇ ਸਾਰੇ ਪੰਜਾਬੀਆਂ ਦੀ ਪੰਜਾਬੀਅਤ ਕਾਇਮ ਰਖਣ ਦੀ ਲੋੜ ਹੈ ਤੇ ਉਹ ਕਾਇਮ ਰਹਿ ਸਕਦੀ ਹੈ ਗੁਰੂ ਦੀ ਮਤਿ ਲੈ ਕੇ, ਗੁਰੂ ਦੀ ਓਟ ਲੈ ਕੇ, ਗੁਰੂ ਦੇ ਲੜ ਲਗ ਕੇ। ਪ੍ਰੋਫੈਸਰ ਪੂਰਨ ਸਿੰਘ ਜੀ ਦੇ ਕਥਨ ਅਨੁਸਾਰ—"ਪੰਜਾਬ ਸਾਰਾ ਜੀਂਦਾ ਗੁਰਾਂ ਦੇ ਨਾਮ 'ਤੇ।" ਸੋ ਸਤਿਗੁਰੂ ਦੀ ਟੇਕ ਤੇ ਜੀਊਣ ਵਾਲੇ ਤੇ ਗੁਰਬਾਣੀ ਨਾਲ ਜੁੜਨ ਵਾਲੇ ਹਰੇਕ ਪ੍ਰੇਮੀ ਦੇ ਦਰਨਾਂ ਵਿਚ ਜੋਦੜੀ ਹੈ ਕਿ ਵਧ ਤੋਂ ਵਧ ਗਿਣਤੀ ਵਿਚ "ਬੇਨਤੀ ਚੌਪਈ" ਦੇ ਰਹੱਸ ਨਾਲ ਇਕ-ਸੁਰ ਹੋਣ ਲਈ, ਇਤਨੇ ਪਾਠ ਮਨ ਦੀ ਇਕਾਗਰਤਾ ਵਿਚ ਟਿਕ ਕੇ ਕੀਤੇ ਜਾਣ ਕਿ ਅਸਾਂ ਪਰਦੇਸੀਂ ਵਸਦੇ ਪੰਜਾਬੀਆਂ ਦੀ ਧੜਕਣ ਗੁਰਮਤਿ ਤੇ ਗੁਰਬਾਣੀ ਨੂੰ ਉਜਾਗਰ ਕਰਨ ਵਾਲੇ ਸਕੂਲ ਨੂੰ ਸਾਕਾਰ ਰੂਪ ਦੇਣ ਵਿਚ ਆਪ-ਮੁਹਾਰੀ ਵਿਗਸ ਤੁਰੇ।

ਸਾਊਥਹਾਲ (ਇੰਗਲੈਂਡ) ਦੀ ਸ੍ਰੀ ਗੁਰੂ ਸਿੰਘ ਸਭਾ ਦੇ ਸੇਵਕਾਂ ਦਾ ਨਿਮਾਣਾ ਜਿਹਾ ਉਪਰਾਲਾ ਹੈ ਕਿ ਸਕੂਲ ਦੀ ਕੀਮਤ ਤਾਰਨ ਤੋਂ ਪਹਿਲਾਂ, ਵਧ ਤੋਂ ਵਧ ਗਿਣਤੀ ਵਿਚ "ਬੇਨਤੀ ਚੌਪਈ" ਦੇ ਪਾਠ ਗੁਰੂ ਪਾਤਸ਼ਾਹ ਦੇ ਚਰਨਾਂ ਵਿਚ ਭੇਟ ਕੀਤੇ ਜਾਣ ਤੇ ਅਰਦਾਸ ਕੀਤੀ ਜਾਵੇ, ਤਾਕਿ ਗੁਰੂ ਮਹਾਰਾਜ ਦੀਆਂ ਬਖਸ਼ਸ਼ਾਂ ਪ੍ਰਾਪਤ ਹੋਣ। ਸੋ ਸਮੂਹ ਗੁਰੂ ਨਾਨਕ-ਨਾਮ-ਲੇਵਾ ਵੀਰਾਂ ਭੈਣਾਂ ਦੀ ਸੇਵਾ ਵਿਚ ਬੇਨਤੀ ਹੈ ਕਿ "ਬੇਨਤੀ ਚੌਪਈ" ਦੇ ਵਧ ਤੋਂ ਵਧ ਪਾਠ ਕਰ ਕੇ ਗਿਣਤੀ ਲਿਖ ਭੇਜੋ ਜੀ: ਇਹ ਗਿਣਤੀ ਪਹਿਲੀ ਜੂਨ ੧੯੮੦ ਤਕ ਹੇਠ ਲਿਖੇ ਪਤੇ ਤੇ ਭੇਜ ਦਿਓ ਜੀ, ਤਾਕਿ ਸ਼ਹੀਦੀ ਗੁਰਪੁਰਬ ਸਮੇਂ ਸਮੂਹ ਪੁਜੇ ਪਾਠਾਂ ਦੀ ਇੰਗਲੈਂਡ ਵਿਖੇ ਸਜੇ ਭਾਰੀ ਦੀਵਾਨ ਵਿਚ ਸਾਂਝੀ ਅਰਦਾਸ ਹੋ ਸਕੇ।

**ਪ੍ਰਾਰਥਕ ਦਾਸਰੇ—ਸ੍ਰੀ ਗੁਰੂ ਸਿੰਘ ਸਭਾ ਸਾਊਥਹਾਲ 'ਸੂਰਾ' ਮਾਸਕ ਪੱਤਰ, ਮਾਈ ਸੇਵਾਂ, ਅੰਮ੍ਰਿਤਸਰ**

---

# ਕਪੂਰਥਲਾ ਵਿਖੇ ਸ੍ਰੀ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਸ: ਸਾਧੂ ਸਿੰਘ ਜੀ ਅੰਮ੍ਰਿਤ ਬਜ਼ਾਰ ਕਪੂਰਥਲਾ ਦੇ ਗ੍ਰਹਿ ਵਿਖੇ ਪੰਜ ਅਪਰੈਲ ਸ਼ਨੀਵਾਰ ਨੂੰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ। ਉਪਰੰਤ ਆਸਾ ਦੀ ਵਾਰ ਦੇ ਕੀਰਤਨ ੧੧॥ ਵਜੇ ਤਕ ਹੋਣਗੇ। ਸ਼ਾਮ ਨੂੰ ਅੰਮ੍ਰਿਤ ਸਿੰਚਾਰ ਹੋਣਗੇ। ਅਤੇ ਰਾਤ ਨੂੰ ਗੌ: ਪ੍ਰਾਇਮਰੀ ਸਕੂਲ ਤੋਪਖ਼ਾਨਾ ਵਿਖੇ ਰੈਣ ਸਬਾਈ ਕੀਰਤਨ ਹੋਣਗੇ। ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ।

---

## ਜੀਵਨ ਚਰਿਤਰ ਭਾਈ ਸਾਹਿਬ ਰਣਧੀਰ ਸਿੰਘ ਜੀ

ਭਾਈ ਸਾਹਿਬ ਜੀ ਦਾ ਸੰਪੂਰਨ ਪਰ ਸੰਖੇਪ ਜੀਵਨ, ਜੇਲ੍ਹ ਚਿਠੀਆਂ, ਰੰਗਲੇ ਸੱਜਣ ਅਤੇ ਭਾਈ ਸਾਹਿਬ ਲਿਖਤ ਹੋਰ ਪੁਸਤਕਾਂ ਦੇ ਅਧਾਰ ਤੇ ਹੈ। ਅਖੀਂ ਡਿਠੇ-ਸੁਣੇ-ਵਾਪਰੇ ਹਾਲਾਤ ਵੀ ਸ਼ਾਮਲ ਕੀਤੇ ਗਏ ਹਨ। ਬਹੁਤ ਹਦ ਤਕ ਭਾਈ ਸਾਹਿਬ ਦੀ ਹੀ ਸ਼ਬਦਾਵਲੀ ਵਰਤੀ ਗਈ ਹੈ। ਜੀਵਨੀ ਪੜ੍ਹ ਕੇ ਸਿੱਖੀ ਲਈ ਦ੍ਰਿੜ੍ਹ ਵਿਸ਼ਵਾਸ, ਸਵੈ-ਭਰੋਸਾ ਤੇ ਪਰਮਾਰਥੀ ਬੈਰਾਗ ਉਤਪੰਨ ਹੁੰਦਾ ਹੈ। ਸਫ਼ੇ ੧੨੦, ਭੇਟਾਂ ਕੇਵਲ ਇਕ ਰੁਪਿਆ। ਡਾਕ ਖਰਚ ਵਖਰਾ ਹੈ।

www.AKJ.Org

ਨੋਟ :–'ਸੂਰਾ' ਮਾਰਚ ੧੯੮੦ ਦਾ ਪਰਚਾ ਹੁਣ ਖ਼ਤਮ ਹੈ। ਹੋਰ ਨਾ ਮੰਗੋ ਜੀ।

# 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ ਮੈਂਬਰਾਂ ਦੇ ਸੌ ਸੌ ਰੁਪਏ ਪੁਜੇ ਹਨ। ਬੈਂਕ ਚੋਂ' ਬਣਵਾਈਆਂ ਐਫ. ਡੀਆਂ ਦੇ ਨੰਬਰ ਇਸ ਤਰ੍ਹਾਂ ਹਨ :–

| | | | |
|---|---|---|---|
| 606. ਸ: ਭਗਵੰਤ ਸਿੰਘ | (ਚਿਟ ਨੰ: 3606) | 987292/308/80 | ਮਿਤੀ 25.6.80 |
| 607. Lt. Col. ਬਰਿਜਿੰਦਰ ਸਿੰਘ | ( ,, 3607) | 987293/309/80 | ,, |
| 608. ਸ: ਅਵਤਾਰ ਸਿੰਘ ਮਠਾਰੂ | ( ,, 3608) | 987294/310/80 | ,, |
| 609. ਸ: ਜੀ. ਬੀ. ਸਿੰਘ | ( ,, 3609) | 987295/311/80 | ,, |
| 610. Smt. ਗੁਰਦੇਵ ਕੌਰ | ( ,, 3610) | 987296/312/80 | ,, |
| 611. ਸ: ਬਲਬੀਰ ਸਿੰਘ ਸਰਪੰਚ | ( ,, 3611) | 987297/313/80 | ,, |
| 612. ਸ: ਜਸਬੀਰ ਸਿੰਘS/o ਸ: ਅਮਰੀਕਸਿੰਘ | ( ,, 3612) | 987298/314/80 | ,, |
| 313. ਸ: ਕੁਲਦੀਪ ਸਿੰਘ | ( ,, 3613) | 987299/315/80 | ,, |
| 614. ਸ: ਸੁਰਿੰਦਰ ਸਿੰਘ ਪੁਰੀ | ( ,, 3614) | 987300/316/80 | ,, |
| 615. ਸ: ਸੁਰਜੀਤ ਸਿੰਘ ਵੈਦ | ( ,, 3115) | 987301/317/80 | ,, |
| 616. ਭਾ: ਖੇਮ ਸਿੰਘ ਬਜਾਜ | ( ,, 3616) | 987302/318/80 | ,, |
| 617. ਸ: ਜ਼ੋਰਾ ਸਿੰਘ S/o ਸ: ਪੂਰਨ ਸਿੰਘ | ( ,, 3617) | 987303/319/80 | ,, |
| 618. ਸ: ਰਤਨ ਸਿੰਘ | ( ,, 3618) | 987304/320/80 | ,, |
| 619. ਸਕੱਤ੍ਰ ਗੁਰਦਵਾਰਾ ਸਾਹਿਬ A.F. | ( ,, 3619) | 987305/321/80 | ,, |
| 620. ਸ: ਨਿਰੰਜਨ ਸਿੰਘ ਕਲਾਥ ਮਰਚੰਟ | ( ,, 3620) | 987306/322/80 | ,, |
| 621. ਮੇਜਰ ਬਰਿੰਦਰ ਸਿੰਘ | ( ,, 3621) | 987307/323/80 | ,, |
| 622. ਸ: ਪਰਮਜੀਤ ਸਿੰਘ | ( ,, 3622) | 987308/324/80 | ,, |
| 623. ਸ: ਕਰਨੈਲ ਸਿੰਘ | ( ,, 3623) | 987309/325/80 | ,, |

---

# ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਗੁਰਮਤਿ ਪ੍ਰੋਗਰਾਮ

5 ਤੋਂ 7 ਅਪ੍ਰੈਲ ਸ੍ਰੀ ਅਖੰਡਪਾਠ ਗ੍ਰਿਹ ਭਾਈ ਗੁਰਨਾਮ ਸਿੰਘ ਜੀ ਵਿਖੇ
10-Lambourane Garden, Early, Reading, Bern's

7 ਤੋਂ 13 ਅਪ੍ਰੈਲ ਅਖੰਡ ਕੀਰਤਨ ਵਲੋਂ ਕੀਰਤਨੀ ਜਥਾ ਭਾਈ ਜੀਵਨ ਸਿੰਘ ਜੀ
Sikh Temple Slough ਵਿਖੇ

14 ਤੋਂ 20 ਅਪ੍ਰੈਲ ਅਖੰਡ ਕੀਰਤਨ ਵਲੋਂ ਕੀਰਤਨੀ ਜਥਾ ਭਾਈ ਜੀਵਨ ਸਿੰਘ ਜੀ
Singh Sabha Gurdwara, Havelock Road, Southall

21 ਤੋਂ 27 ਅਪ੍ਰੈਲ ਅਖੰਡ ਕੀਰਤਨ ਵਲੋਂ ਕੀਰਤਨੀ ਜਥਾ ਭਾਈ ਜੀਵਨ ਸਿੰਘ ਜੀ
Gurdwara Sahib, Fish Ponds Road, Bristol

ਪੁਛ ਗਿਛ ਭਾ: ਲਖਿੰਦਰ ਸਿੰਘ ਜੀ ਬਰਿਸਟਲ

ਵੈਸਾਖੀ ਦੇ ਸੁਭ ਅਉਸਰ ਤੇ ਯੂ. ਕੇ. ਤੋਂ ਭਾਈ ਰਾਜਿੰਦਰ ਸਿੰਘ ਜੀ ਜਥੇ ਸਮੇਤ ਹਾਲੈਂਡ ਸ੍ਰੀ ਅਖੰਡਪਾਠ ਤੇ ਅੰਮ੍ਰਿਤ ਸੰਚਾਰ ਲਈ ਜਾ ਰਹੇ ਹਨ।

ਪੁਛ ਗਿਛ—ਭਾ: ਰਾਜਿੰਦਰ ਸਿੰਘ ਡਡਲੀ-213308

www.AKJ.Org

# ਵੈਸਾਖੀ ਦੇ ਸ਼ਹੀਦਾਂ ਦੀ ਯਾਦ, ਵੈਸਾਖੀ ਦਾ ਸਾਲਾਨਾ ਅਖੰਡ ਕੀਰਤਨ ਸਮਾਗਮ

## ਸ੍ਰੀ ਅੰਮ੍ਰਿਤਸਰ ਵਿਖੇ ਸ਼ੁਕਰਵਾਰ ੧੧ ਤੋਂ ੧੪ ਅਪ੍ਰੈਲ ੧੯੮੦ ਸੋਮਵਾਰ ਸਵੇਰ ਤਕ

ਵੈਸਾਖੀ 1978 ਦੇ ਖ਼ੂਨੀ ਸਾਕੇ ਦੀ ਯਾਦ ਵਿਚ ਖਾਲਸਾ ਜੀ ਦੇ ਜਨਮ ਦਿਨ ਵੈਸਾਖੀ ਉਤੇ ਨਾਮ ਬਾਣੀ ਵਿਚ ਜੁੜਨ ਲਈ ਸ੍ਰੀ ਅਖੰਡਪਾਠ ਤੇ ਕੀਰਤਨ ਸਮਾਗਮ ਸ੍ਰੀ ਅੰਮ੍ਰਿਤਸਰ ਵਿਚ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਹੋ ਰਹੇ ਹਨ। ਕੀਰਤਨ ਦੇ ਲਾਹੇ ਲੈਣ ਲਈ, ਅੰਮ੍ਰਿਤ-ਸਰੋਵਰ ਵਿਚ ਚੁਭੇ ਲਾਉਣ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਦੀਦਾਰਿਆਂ ਲਈ ਹੁਮ-ਹੁਮਾ ਕੇ ਆਇ ਦੀਦਾਰ ਬਖਸ਼ੋ ਜੀ।

### —੦ ਪ੍ਰੋ ਗ ਰਾ ਮ ੦—

੧੧ ਅਪ੍ਰੈਲ ਸਵੇਰੇ ੪ ਤੋਂ ੭ ਆਸਾ ਦੀ ਵਾਰ, ਉਪਰੰਤ ਸ੍ਰੀ ਅਖੰਡਪਾਠ ਅਰੰਭ ਗੁਰੂ ਰਾਮਦਾਸ ਹਾ: ਸੈ: ਸਕੂਲ, ਰਾਮਸਰ ਰੋਡ
ਸ਼ਾਮ ੬॥ ਤੋਂ ੮॥ ਅਖੰਡ ਕੀਰਤਨ ਮੰਜੀ ਸਾਹਿਬ ਦੀਵਾਨ ਅਸਥਾਨ ਵਿਖੇ

੧੨ ਅਪ੍ਰੈਲ ਸਵੇਰੇ ੩॥ ਤੋਂ ੮। ਆਸਾ ਦੀ ਵਾਰ ਤੇ ਅਖੰਡ ਕੀਰਤਨ ਬਿਲਾਵਲ ਦੀ ਚੌਕੀ ਸਮੇਤ ਸ੍ਰੀ ਹਰਿਮੰਦਰ ਸਾਹਿਬ ਵਿਖੇ
ਸ਼ਾਮ ੬ ਤੋਂ ੯ ਅਖੰਡ ਕੀਰਤਨ ਗੁਰਦਆਰਾ ਸ੍ਰੀ ਪਿਪਲੀ ਸਾਹਿਬ (ਪੁਤਲੀ ਘਰ) ਵਿਖੇ

੧੩ ਅਪ੍ਰੈਲ ਸਵੇਰੇ ੪ ਤੋਂ ੧ ਵਜੇ ਦੁਪਹਿਰ ਤਕ ਸ੍ਰੀ ਅਖੰਡਪਾਠ ਦੇ ਭੋਗ ਤੋਂ ਉਪਰੰਤ ਅਖੰਡ ਕੀਰਤਨ ਗੁਰਦੁਆਰਾ ਰਾਮਸਰ ਸਾਹਿਬ ਦੇ ਸਾਹਮਣੇ (ਸ਼ਹੀਦਾਂ ਦੇ ਸਸਕਾਰ ਅਸਥਾਨ) ਖੁਲ੍ਹੇ ਪੰਡਾਲ ਵਿਖੇ
ਸ਼ਾਮ ੪ ਵਜੇ ਅੰਮ੍ਰਿਤ-ਸਿੰਚਾਰ ਸਮਾਗਮ ਅਰੰਭ। ਸ਼ਾਮ ਸੋਦਰ ਦੀ ਚੌਕੀ ਉਪ੍ਰੰਤ ਰੈਣ ਸਬਾਈ ਕੀਰਤਨ ਅਰੰਭ

੧੪ ਅਪ੍ਰੈਲ ਸਵੇਰੇ ੫ ਵਜੇ ਸਮਾਪਤੀ ਉਪਰੰਤ ਅਖੰਡ ਕੀਰਤਨੀ ਜਥੇ ਦੀ ਜਥੇਬੰਦੀ ਬਾਰੇ ਮੀਟਿੰਗ

ਨੋਟ :—੧. ਰਿਹਾਇਸ਼ ਗੁਰੂ ਰਾਮਦਾਸ ਹਾਇਰ ਸੈਕੰਡਰੀ ਸਕੂਲ, ਰਾਮਸਰ ਰੋਡ ਵਿਖੇ।
੨. ਲੋੜ ਅਨੁਸਾਰ ਬਿਸਤਰੇ ਨਾਲ ਲਿਆਉਣ ਦੀ ਕਿਰਪਾ ਕਰਨੀ ਜੀ।
੩. ਸਮਾਗਮ ਸਮੇਂ ਅਨੰਦ ਕਾਰਜ ਕਰਾਉਣ ਵਾਲੇ ਪਰਵਾਰ ਪਹਿਲਾਂ ਇਤਲਾਹ ਭੇਜਣ ਜੀ। ਅਨੰਦ ਕਾਰਜਾਂ ਲਈ ਜੋੜੇ ੧੪ ਤਰੀਕ ਸਵੇਰੇ ੪ ਵਜੇ ਹਜ਼ੂਰੀ ਵਿਚ ਸਜ ਜਾਣ।

ਪੁਛ ਗਿਛ : 'ਸੂਰਾ' ਮਾਸਕ ਪੱਤਰ (ਫ਼ੋਨ 51847)
ਮਾਈ ਸੇਵਾਂ ਬਜ਼ਾਰ, ਸ੍ਰੀ ਅੰਮ੍ਰਿਤਸਰ।

ਦਾਸਰੇ—
ਅਖੰਡ ਕੀਰਤਨੀ ਜਥਾ ਸ੍ਰੀ ਅੰਮ੍ਰਿਤਸਰ

---

# ਚਲ਼ਦਾ ਵਹੀਰ ਸ੍ਰੀ ਅੰਮ੍ਰਿਤਸਰ ਵਲੋਂ ਗੁਰਮਤਿ ਪ੍ਰਚਾਰ ਤੇ ਅੰਮ੍ਰਿਤ ਸਿੰਚਾਰ

## ਵੈਸਾਖੀ ਦੀ ਰਾਤ ਨੂੰ ਸ਼ਹੀਦਾਂ ਦੀ ਯਾਦ ਵਿਚ ਰੈਣ ਸਬਾਈ ਗੁ: ਰਾਮਸਰ ਸਾਹਿਬ ਦੇ ਸਾਮ੍ਹਣੇ

ਅਪਰੈਲ ੧ ਜੰਡ (ਨੇੜੇ ਮਾਨਾਂਵਾਲਾ), ੨ ਸ਼ੰਕਰਪੁਰਾ (ਨੇੜੇ ਬਟਾਲਾ), ੩ ਕਪੂਰਥਲਾ ਗੁ: ਪਿੱਪਲਵਾਲਾ ਅਰੰਭ ਸ੍ਰੀ ਅਖੰਡਪਾਠ, ੪ ਸੰਧੂ ਚੱਠਾ (ਨੇੜੇ ਕਪੂਰਥਲਾ), ੫ ਕਪੂਰਥਲਾ ਸਵੇਰੇ ਭੋਗ ਸ੍ਰੀ ਅਖੰਡਪਾਠ, ਸ਼ਾਮ ਰੈਣ ਸਬਾਈ ਅੰਮ੍ਰਿਤ ਬਜ਼ਾਰ, ੭ ਲੰਗੜੋਅ, ੮ ਮਾਹਲ (ਨਵਾਂ ਸਹਿਰ), ੧੦ ਨਵਾਂ ਸ਼ਹਿਰ ਤੋਂ ਵਾਪਸੀ, **੧੧ ਤੋਂ ੧੪ ਸਾਲਾਨਾ ਵੈਸਾਖੀ ਸਮਾਗਮ ਸ੍ਰੀ ਅੰਮ੍ਰਿਤਸਰ** ੧੪ ਤਰਨ ਤਾਰਨ, ੧੫ ਪਾੜ੍ਹਾ (ਗੁਰਦਾਸਪੁਰ), ੧੬ ਗਜ਼ਨੀਪੁਰ (ਪਿੰਡ ਸ਼ਹੀਦ ਫ਼ੌਜਾ ਸਿੰਘ ਜੀ) ਸਵੇਰੇ ਭੋਗ ਸ੍ਰੀ ਅਖੰਡਪਾਠ ਉਪਰੰਤ ਅਖੰਡ ਕੀਰਤਨ, ੧੭ ਕਾਹਨੂੰਵਾਨ, ੧੮ ਚਾਟੀਵਿੰਡ ਪਿੰਡ, ੧੯ ਰਾਮ ਦੀਵਾਲੀ (ਅੰਮ੍ਰਿਤਸਰ ਮਹਿਤਾ ਰੋਡ), ਰੈਣ ਸਬਾਈ ਤੇ ਅੰਮ੍ਰਿਤ ਸਿੰਚਾਰ, ੨੦ ਕਿਲ੍ਹਾ ਮੋਕਾ, ੨੧ ਸ੍ਰੀ ਅਨੰਦਪੁਰ ਸਾਹਿਬ ਨੂੰ ਰਵਾਨਗੀ, ੨੨ ਚਮਕੌਰ ਸਾਹਿਬ, ੨੩ ਗੁ: ਭੱਠਾ ਸਾਹਿਬ, ੨੪ ਗੁ: ਪਰਵਾਰ ਵਿਛੋੜਾ, ੨੫ ਕੀਰਤਪੁਰ ਸਾਹਿਬ, ੨੬ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਰੈਣ ਸਬਾਈ, ੨੭ ਗੁ: ਬਿਭੌਰ ਸਾਹਿਬ, ੨੮ ਗੁਰੂ ਕਾ ਲਾਹੌਰ, ੨੯ ਗੁ: ਚਰਨ ਕੰਵਲ ਬੰਗਾ, ੩੦ ਬਰਾੜ (ਚੁਗਾਵਾਂ ਰੋਡ)।

ਨੋਟ :—ਪ੍ਰੋਗਰਾਮ ਵਿਚ ਲੋੜ ਅਨੁਸਾਰ ਤਬਦੀਲੀ ਹੋ ਸਕਦੀ ਹੈ। ਪ੍ਰੋਗਰਾਮ ਦਾ ਸਮਾਂ ਸ਼ਾਮ ੭ ਤੋਂ ੧੦ ਤਕ। ਜਥਾ ਹਰੇਕ ਪਿੰਡ ਸ਼ਾਮ ਤਕ ਪੁਜ ਜਾਏਗਾ। ਪ੍ਰੋਗਰਾਮ ਆਮ ਤੌਰ ਤੇ ਪਿੰਡ ਦੇ ਗੁਰਦਵਾਰੇ ਵਿਚ ਹੋਵੇਗਾ।

ਪੁਛ ਗਿਛ :—੧. ਮਾ: ਜਸਵੰਤ ਸਿੰਘ 542, ਈਸਟ ਮੋਹਨ ਨਗਰ, ਅੰਮ੍ਰਿਤਸਰ, ੨. ਭਾ: ਕੁਲਵੰਤ ਸਿੰਘ ਪੰਜਾਬ ਐਂਡ ਸਿੰਧ ਬੈਂਕ ਗੋਇੰਦਵਾਲ, ੩. ਭਾ: ਹਰਭਜਨ ਸਿੰਘ ਗੰਗੂਵਾਲ (ਅਨੰਦਪੁਰ ਸਾਹਿਬ)

ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜਥਾ, ਚਲਦਾ ਵਹੀਰ

---



www.AKJ.Org